ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE - 34
November 25, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



GR Video Production
Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com




ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਮੁੱਚੀ ਲੋਕਾਈ, ਆਪਣੇ ਸਮੂਹ ਇਸ਼ਤਿਹਾਰਦਾਤਾਵਾਂ, ਪਾਠਕਾਂ, ਪ੍ਰਸ਼ੰਸਕਾਂ, ਦੋਸਤਾਂ-ਮਿੱਤਰਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 546 ਵੇਂ ਪਾਵਨ ਪ੍ਰਕਾਸ਼ ਪੁਰਬ 'ਤੇ **ਪ੍ਰੋ. ਐਚ. ਐਲ. ਕਪੂਰ** ਦਾ ਵਿਸ਼ੇਸ ਲੇਖ 'ਛੋਡੀ ਲੇ ਪਾਖੰਡਾ, ਨਾਮਿ ਲਇਐ ਜਾਹਿ ਤਰੰਦਾ' (ਦੇਖੋ ਸਫਾ 15 ਤੇ)

'ਅੰਬੇਡਕਰ – ਸਿੱਖ ਧਰਮ ਅਤੇ ਸਿੱਖ ਦੁਖਾਂਤ'
**ਪ੍ਰੋ. ਗੁਰਨਾਮ ਸਿੰਘ ਮੁਕਤਸਰ** ਦਾ ਲੇਖ ਦੇਖੋ ਸਫਾ 17 ਉਤੇ

'ਗੁਰੂ ਨਾਨਕ ਜਗ ਮਹਿ ਪਠਾਇਆ'
**ਲੇਖਕ ਸੰਤੋਖ ਸਿੰਘ ਸੰਧੂ** ਦਾ ਲੇਖ ਦੇਖੋ ਸਫਾ 20 ਉਤੇ

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼-ਵਿਦੇਸ਼ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ

**ਨਨਕਾਣਾ ਸਾਹਿਬ (ਬਿਊਰੋ)–** ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਦੇਸ਼-ਵਿਦੇਸ਼ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸੰਸਾਰ ਭਰ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪਹੁੰਚੀਆਂ ਸੰਗਤਾਂ ਵੱਲੋਂ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਤੰਬੂ ਸਾਹਿਬ ਤੱਕ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਸਜਾਵਟ ਅਤੇ ਦੀਪਮਾਲਾ ਕੀਤੀ ਗਈ ਸੀ। ਭਾਰਤ, ਇੰਗਲੈਂਡ, ਜਰਮਨੀ, ਅਮਰੀਕਾ, ਆਸਟ੍ਰੇਲੀਆ, ਇਟਲੀ, ਅਫਗਾਨਿਸਤਾਨ ਤੇ ਸੰਸਾਰ ਦੇ ਹੋਰ ਮੁਲਕਾਂ ਤੋਂ ਵੱਡੀ ਗਿਣਤੀ ਵਿਚ ਪਹੁੰਚੀਆਂ ਸੰਗਤਾਂ ਦੀ ਹਾਜ਼ਰੀ 'ਚ ਨਗਰ ਕੀਰਤਨ ਸਜਾਇਆ ਗਿਆ। ਪਾਕਿਸਤਾਨ ਹਕੂਮਤ ਵੱਲੋਂ ਇਜਾਜ਼ਤ ਦੇਣ 'ਤੇ ਇਹ ਨਗਰ ਕੀਰਤਨ ਨਨਕਾਣਾ ਸਾਹਿਬ ਦੇ ਬਜ਼ਾਰਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਤੰਬੂ ਸਾਹਿਬ ਜਾ ਕੇ ਸਮਾਪਤ ਹੋਇਆ। ਨਗਰ ਕੀਰਤਨ 'ਚ ਸਕੂਲੀ ਬੱਚਿਆਂ, ਵੱਖ-ਵੱਖ ਬੈਂਡਾਂ, ਗੱਤਕਾ ਟੀਮਾਂ ਵੱਲੋਂ ਭਾਗ ਲਿਆ ਗਿਆ। ਇਸ ਮੌਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਸਨ, ਪਾਕਿਸਤਾਨ ਰੇਜਰਜ਼ ਦੇ ਕਮਾਂਡੋ, ਅਤੇ ਪੰਜਾਬ ਪੁਲਿਸ ਲਾਹੌਰ ਦੇ ਜਵਾਨ ਤੇ ਮਹਿਲਾਂ ਮੁਲਾਜ਼ਮ ਹਰ ਸਥਿਤੀ 'ਤੇ ਨਜ਼ਰ ਰੱਖ ਰਹੇ ਸਨ। ਪੰਜਾਬ ਦੇ ਸਾਰੇ ਧਾਰਮਿਕ ਅਸਥਾਨਾਂ 'ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਸ੍ਰੀ ਹਰਿਮੰਦਿਰ ਸਾਹਿਬ, ਤਲਵੰਡੀ ਸਾਬੋ, ਅਨੰਦਪੁਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਨੂੰ ਰੰਗ ਬਿਰੰਗੀ ਰੌਸ਼ਨੀ ਨਾਲ ਸਜਾਇਆ ਗਿਆ। ਇਸ ਤੋਂ ਇਲਾਵਾ ਲੁਧਿਆਣਾ, ਜਲੰਧਰ, ਪਟਿਆਲਾ, ਪਠਾਨਕੋਟ, ਮੁਹਾਲੀ ਤੇ ਰੋਪੜ ਆਦਿ ਜ਼ਿਲ੍ਹਿਆਂ 'ਚ ਵੀ ਗੁਰਪੁਰਬ ਸ਼ਰਧਾ ਨਾਲ ਮਨਾਇਆ ਗਿਆ। ਚੰਡੀਗੜ੍ਹ ਦੇ ਗੁਰਦੁਆਰਿਆਂ 'ਚ ਸ਼ਰਧਾਲੂ ਵੱਡੀ ਗਿਣਤੀ 'ਚ ਨਤਮਸਤਕ ਹੋਏ। ਅੰਬਾਲਾ, ਕੁਰੂਕਸ਼ੇਤਰ, ਕਰਨਾਲ, ਸਿਰਸਾ, ਫਰੀਦਾਬਾਦ, ਗੁੜਗਾਓਂ, ਫਤਿਹਬਾਦ ਸਮੇਤ ਹਰਿਆਣਾ ਸੂਬੇ ਦੇ ਸਾਰਿਆਂ ਗੁਰਦੁਆਰਿਆਂ 'ਚ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਸ਼ਰਧਾਲੂਆਂ ਨੇ ਰਾਤ ਸਮੇਂ ਗੁਰਦੁਆਰਿਆਂ ਤੇ ਆਪਣੇ ਘਰਾਂ 'ਚ ਆਤਿਸ਼ਬਾਜ਼ੀ ਵੀ ਕੀਤੀ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਹੋਰ ਗੁਰਦੁਆਰਿਆਂ 'ਤੇ ਦੀਪਮਾਲਾ ਕੀਤੀ ਗਈ ਅਤੇ ਆਤਿਸ਼ਬਾਜ਼ੀ ਵੀ ਚਲਾਈ ਗਈ। ਗੁਰਪੁਰਬ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਅਲੌਕਿਕ ਜਲੌਅ ਸਜਾਏ ਗਏ, ਜਿਸ ਵਿਚ ਇਤਿਹਾਸਕ ਤੇ ਪੁਰਾਤਨ ਬੇਸ਼ਕੀਮਤੀ ਵਸਤਾਂ ਸੰਗਤਾਂ ਦੇ ਦਰਸ਼ਨਾਂ ਵਾਸਤੇ



(ਬਾਕੀ ਖਬਰ ਸਫਾ 9 ਤੇ ਦੇਖੋ)


Raja SWEETS & CATERING
ITEMS SERVING
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

MANDEEP SANDHU
msandhu2014@gmail.com
SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York: 37-18 73 Street Suite # 401, Jackson Heights Ny 11372, Phone : 718-533-8444
Fremont: 44790 S Grimmer Blvd # 208, Fremont CA 94538, Phone : 510-657-6444
Fresno: 4491 W Shaw ave # 131, Fresno CA 93711, Phone : 559-271-5511
Sacramento: 2901 W Capitol ave, West Sacramento CA 95691, Phone : 916-385-2288
Jaspreet Singh
Email : jaspreetsinghlawoffice@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (415) 706-7027
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# ਮਹਾਂਰਿਸ਼ੀ ਵਾਲਮੀਕ ਜੀ ਅਤੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਵਿਖੇ ਮਨਾਇਆ









ਤਸਵੀਰਾਂ- ਦੇਸ਼ ਦੁਆਬਾ

**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਅਤੇ ਸਮੂਹ ਸਾਧ ਸੰਗਤ ਵਲੋਂ ਧੰਨ ਧੰਨ ਮਹਾਂਰਿਸ਼ੀ ਵਾਲਮੀਕ ਜੀ ਸ਼ਾਸ਼ਤਰ ਵਿੱਦਿਆ ਅਤੇ ਧਾਰਮਿਕ ਗ੍ਰੰਥ ਰਮਾਇਣ ਦੇ ਬਾਨੀ ਅਤੇ ਸਿੱਖ ਧਰਮ ਦੇ ਕ੍ਰਾਂਤੀਕਾਰੀ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਦਵਿੰਦਰ ਸਿੰਘ ਦੇ ਜਥੇ ਵਲੋਂ ਕਥਾ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਰਾਗੀ ਜਥੇ ਵਲੋਂ ਮਹਾਂਰਿਸ਼ੀ ਵਾਲਮੀਕ ਜੀ ਅਤੇ ਸਤਿਗੁਰੂ ਨਾਮਦੇਵ ਜੀ ਦੀ ਜੀਵਨੀ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ ਗਿਆ। ਇਸ ਮੌਕੇ ਸੰਗਤਾ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਚੇਅਰਮੈਨ ਜੱਸੀ ਬੰਗਾ ਨੇ ਕਿਹਾ ਕਿ ਮਨੂੰਵਾਦ ਨੇ ਸਹੀ ਰਮਾਇਣ ਦੇ ਰਚੇਤਾ ਮਹਾਂਰਿਸ਼ੀ ਵਾਲਮੀਕ ਜੀ ਵਲੋਂ ਲਿਖੀ ਰਮਾਇਣ ਦੀ ਨਕਲ ਕਰਕੇ ਤੁਲਸੀ ਦਾਸ ਨੂੰ ਰਮਾਇਣ ਦਾ ਮੁੱਖ ਰਚੇਤਾ ਇਸ ਲਈ ਦਿਖਾ ਦਿੱਤਾ ਤਾਂ ਕਿ ਭਾਰਤ ਦੇ ਸਹੀ ਮੂਲ ਨਿਵਾਸੀ ਜਾਗਰਿਤ ਹੋ ਕੇ ਮਨੂੰਵਾਦ ਦੇ ਮੰਦਰਾਂ ਤੇ ਕਬਜ਼ਾ ਨਾ ਕਰ ਲੈਣ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਾ ਹੋ ਜਾਣ। ਉਨ੍ਹਾਂ ਕਿਹਾ ਕਿ ਸਭ ਨੂੰ ਪਤਾ ਹੈ ਕਿ ਸ੍ਰੀ ਅੰਮ੍ਰਿਤਸਰ ਵਿਚ ਇਤਿਹਾਸਕ ਸਥਾਨ ਰਾਮ ਤੀਰਥ ਹੈ ਜੋ ਕਿ ਸਹੀ ਉਸਦਾ ਨਾਮ ਸਵਾਮੀ ਵਾਲਮੀਕ ਅਸਥਾਨ ਹੋਣਾ ਚਾਹੀਦਾ ਹੈ। ਕਿਉਂਕਿ ਉਸ ਅਸਥਾਨ 'ਤੇ ਸਵਾਮੀ ਵਾਲਮੀਕ ਜੀ ਨੇ ਭਗਤੀ ਕਰਕੇ ਲਵ ਅਤੇ ਕੁਸ਼ ਨੂੰ ਧਾਰਮਿਕ ਅਤੇ ਸ਼ਾਸ਼ਤਰ ਵਿੱਦਿਆ ਦੇ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਸੀ ਅਤੇ ਉਸ ਸਮੇਂ ਰਾਮ ਵਲੋਂ ਸਤਾਈ ਸੀਤਾ ਨੂੰ ਆਪਣੇ ਬੱਚਿਆਂ ਸਮੇਤ ਢੋਈ ਦਿੱਤੀ। ਉਸ ਸਮੇਂ ਰਾਮ ਚੰਦਰ ਸਵਾਮੀ ਵਾਲਮੀਕ ਜੀ ਕੋਲ ਭੇਂਟ ਵਾਰਤਾ ਕਰਨ ਆਏ ਸਨ ਪ੍ਰੰਤੂ ਮਨੂੰਵਾਦ ਨੇ ਰਾਮ ਚੰਦਰ ਨੂੰ ਉਸ ਸਮੇਂ ਦੇ ਰਾਜਾ ਹੋਣ ਦੇ ਨਾਤੇ ਸਵਾਮੀ ਵਾਲਮੀਕ ਤੀਰਥ ਅਸਥਾਨ ਦਾ ਨਾਂਅ ਦੇਣ ਦੀ ਬਜਾਏ ਰਾਮ ਤੀਰਥ ਦਾ ਨਾਮ ਦੇ ਦਿੱਤਾ। ਜਿਥੇ ਲਗਭਗ ਅੱਜਕਲ ਕਈ ਦਿਨ ਮੇਲਾ ਲੱਗਦਾ ਹੈ। ਜਿਥੇ ਸੰਗਤਾਂ ਦੇਸ਼ਾਂ ਵਿਦੇਸ਼ਾਂ ਤੋਂ ਨਤਸਮਤਕ ਹੁੰਦੀਆਂ ਹਨ। ਪਰ ਉਸ ਅਸਥਾਨ ਵੱਲ ਕਿਸੇ ਵੀ ਸਰਕਾਰ ਜਾਂ ਮੀਡੀਆ ਨੇ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਤਿਗੁਰੂ ਨਾਮਦੇਵ ਜੀ ਨੇ ਮਨੂੰਵਾਦੀਆਂ ਦੇ ਅੱਤਿਆਚਾਰ ਖਿਲਾਫ਼ ਪੂਰੇ ਜ਼ੋਰ ਸ਼ੋਰ ਨਾਲ ਭਗਤੀ ਲਹਿਰ ਸ਼ੁਰੂ ਕੀਤੀ ਸੀ ਅਤੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਭਰਮਜਾਲ ਤੋਂ ਮੁਕਤ ਕਰਾਉਣ ਲਈ ਭਗਤੀ ਲਹਿਰ ਦੀ ਸ਼ੁਰੂਆਤ ਕੀਤੀ ਸੀ। ਜੋ ਅੱਗੇ ਜਾ ਕੇ ਸਿੱਖ ਧਰਮ ਦਾ ਇਕ ਅੰਗ ਬਣਿਆ। ਇਸ ਮੌਕੇ ਉਨ੍ਹਾਂ ਆਉਣ ਵਾਲੇ ਦਿਵਾਨਾਂ ਦੀ ਜਿਥੇ ਜਾਣਕਾਰੀ ਦਿੱਤੀ, ਉਥੇ ਸਮੂਹ ਸੰਗਤ ਨੂੰ ਪ੍ਰਕਾਸ਼ ਉਸਤਵ ਦੀ ਵਧਾਈ ਵੀ ਦਿੱਤੀ। ਇਸ ਮੌਕੇ ਜੀਵਨ ਰੱਤੂ ਨੇ ਇਕ ਕ੍ਰਾਂਤੀਕਾਰੀ ਕਵਿਤਾ ਪੇਸ਼ ਕਰਕੇ ਆਪਣੀ ਹਾਜ਼ਰੀ ਭਰੀ। ਇਸ ਮੌਕੇ 'ਅੰਬੇਡਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਆਪਣੇ ਅਦਾਰੇ ਅਤੇ ਸਮੂਹ ਸਟਾਫ਼ ਵਲੋਂ ਵਧਾਈ ਸੰਦੇਸ਼ ਦਿੰਦਿਆਂ ਗੁਰੂਆਂ ਦੇ ਦੱਸੇ ਮਾਰਗ ਤੇ ਚੱਲਕੇ ਆਪਣਾ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਡਾ ਅਦਾਰਾ ਹਰ ਸਮੇਂ ਸਭ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੰਦਾ ਰਹੇਗਾ। ਅੰਤ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਨੇ ਅੰਤਿਮ ਅਰਦਾਸ ਕਰਕੇ ਸਮੂਹ ਮਾਈ ਭਾਈ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ। ਇਸ ਮੌਕੇ ਸਟੇਜ਼ ਸਕੱਤਰ ਦੀ ਸੇਵਾ ਜੱਸੀ ਬੰਗਾ ਅਤੇ ਜੀਵਨ ਰੱਤੂ ਨੂੰ ਬਾਖੂਬੀ ਨਿਭਾਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀ 27 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ 'ਚ ਅਖੰਡ ਪਾਠ ਆਰੰਭ ਹੋ ਰਹੇ ਹਨ ਜਿੰਨ੍ਹਾਂ ਦੇ ਭੋਗ 29 ਨਵੰਬਰ ਨੂੰ ਪਾਏ ਜਾਣਗੇ, ਜਿਸ ਵਿਚ ਸਮੂਹ ਸੰਗਤ ਵਧ ਚੜ੍ਹ ਕੇ ਹਿੱਸਾ ਲਵੇ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਰਧਾਂਜਲੀ ਸਮਾਗਮ ਫਰਿਜ਼ਨੋ ਵਿਚ ਫੋਰਮ ਦਾ ਸ਼ਾਨਦਾਰ ਉਦਮ







**ਫਰਿਜ਼ਨੋ (ਬਿਊਰੋ)–** ਮਹਾਨ ਸ਼ਹੀਦ ਸ: ਕਰਤਾਰ ਸਿੰਘ ਸਰਾਭਾ ਦਾ ਇਤਿਹਾਸਕ ਸ਼ਤਾਬਦੀ ਸ਼ਹੀਦੀ ਦਿਹਾੜਾ ਫਰਿਜ਼ਨੋ ਵਿਚ ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਵੱਲੋਂ ਹਰ ਸਾਲ ਦੀ ਤਰ੍ਹਾਂ ਇੰਡੀਆ ਓਵਨ ਵਿਚ ਮਨਾਇਆ ਗਿਆ। ਸਰਾਭਾ ਜੀ ਨੇ ਆਪਣੇ ਛੇ ਹੋਰ ਸਾਥੀਆਂ ਸਮੇਤ 16 ਨਵੰਬਰ ਨੂੰ ਪ੍ਰਸਿੱਧ ਲਾਹੌਰ ਸਾਜਿਸ਼ ਕੇਸ (ਪਹਿਲੇ ਵਿਚ ਫਾਂਸੀ ਦਾ ਰੱਸਾ ਹੱਸ ਹੱਸ ਗਲ ਪਾਇਆ ਸੀ।) ਉਹਨਾਂ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਡੇਢ ਸੌ ਤੋਂ ਉਪਰ ਗਿਣਤੀ ਵਿਚ ਬੱਚਿਆਂ, ਬੀਬੀਆਂ, ਨੌ-ਜਵਾਨਾਂ ਤੇ ਬਜ਼ੁਰਗਾਂ ਨੇ ਹਾਜ਼ਰੀ ਭਰੀ।

ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਘੋਲੀਆ ਨੇ ਥੋੜ੍ਹੇ ਸ਼ਬਦਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕੀਤੇ। ਰਾਜ ਬਰਾੜ ਨੇ ਦੇਸ਼ ਭਗਤੀ ਦੇ ਗੀਤਾਂ ਨਾਲ ਪਿੜ ਬੰਨ੍ਹਿਆ। ਸ: ਲਛਮਣ ਸਿੰਘ ਰਾਠੌਰ ਅਤੇ ਗੁਰਵਿੰਦਰ ਸਿੰਘ ਢੇਸੀ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਕੀਲਿਆ।

ਟਰਲਕ ਤੋਂ ਆਏ ਸ: ਹਰਜੀਤ ਸਿੰਘ ਨੇ ਬੁਲੰਦ ਆਵਾਜ਼ ਵਿਚ ਦੋ ਗੀਤ ਗਾ ਕੇ ਆਪਣੀ ਪੈਠ ਪਾਈ। ਦੋ ਛੋਟੇ ਭੈਣ-ਭਰਾਵਾਂ ਆਂਚਲ ਹੇਅਰ ਅਤੇ ਸਿਮਵੀਰ ਹੇਅਰ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਗੀਤ ਗਾ ਕੇ ਸਭ ਦਾ ਮਨ ਮੋਹ ਲਿਆ। ਇਕ ਹੋਰ ਬੱਚੀ ਸੁਖਮਨ ਔਜਲਾ ਦੀ ਛੋਟੀ ਜਿਹੀ ਸਪੀਚ ਤੇ ਗੀਤ ਨੇ ਸਰੋਤਿਆਂ ਨੂੰ ਬੜਾ ਪ੍ਰਭਾਵਿਤ ਕੀਤਾ। ਨੌਜਵਾਨਾਂ ਜਸਪ੍ਰੀਤ ਸਿੰਘ ਸਿੱਧੂ ਅਤੇ ਕੁਲਵੀਰ ਸਿੰਘ ਨੇ ਸਰਾਭਾ ਜੀ ਬਾਰੇ ਭਾਸ਼ਣਾਂ ਨਾਲ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਫੋਰਮ ਬੱਚਿਆਂ ਨੂੰ ਹਰ ਸਾਲ ਭਾਸ਼ਣ ਮੁਕਾਬਲੇ ਕਰਵਾ ਕੇ ਉਤਸ਼ਾਹਿਤ ਕਰਨ ਦਾ ਯਤਨ ਕਰਦਾ ਹੈ ਜੋ ਕਮਿਊਨਿਟੀ ਵਿਚ ਬੜਾ ਮਕਬੂਲ ਹੋ ਰਿਹਾ ਹੈ। ਕਮਿਊਨਿਟੀ ਦੇ ਬਜ਼ੁਰਗ ਆਗੂ ਸ. ਮਹਿੰਦਰ ਸਿੰਘ ਗਰੇਵਾਲ ਨੇ ਫੋਰਮ ਦੇ ਇਹਨਾਂ ਯਤਨਾਂ ਦੀ ਬੜੀ ਪ੍ਰਸੰਸਾ ਕੀਤੀ ਤੇ ਫੋਰਮ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿਵਾਇਆ। ਰਮਾਂ ਕਾਂਤ ਡਾਵਰ ਨੇ ਕਮਿਊਨਿਟੀ ਦੀਆਂ ਸਮੱਸਿਆਵਾਂ ਤੇ ਉਹਨਾਂ ਦੇ ਹੱਲ ਬਾਰੇ ਜਾਣਕਾਰੀ ਦਿੱਤੀ। ਸ: ਸੰਤੋਖ ਸਿੰਘ ਮਿਨਹਾਸ ਅਤੇ ਅਵਤਾਰ ਸਿੰਘ ਗੋਦਾਰਾ ਨੇ ਆਪਣੇ ਸੰਖੇਪ ਸੰਦੇਸ਼ਾਂ ਵਿਚ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਵਜੋਂ ਉਹਨਾਂ ਦੇ ਪੂਰਨਿਆਂ ਤੇ ਚੱਲ ਕੇ ਅੱਜ ਦੀਆਂ ਵੰਗਾਰਾਂ ਨਾਲ ਸਿੱਝਣ ਦਾ ਯਤਨ ਕਰਨ ਦਾ ਸੱਦਾ ਦਿੱਤਾ।

ਗਦਰੀ ਬਾਬਾ ਸ: ਬਚਨ ਸਿੰਘ ਘੋਲੀਆ ਦੇ ਪਰਿਵਾਰ ਵਿਚੋਂ ਬੀਬੀ ਪ੍ਰੀਤ ਕੌਰ ਗਿੱਲ ਨੇ ਪ੍ਰਭਾਵਸ਼ਾਲੀ ਸੰਖੇਪ ਭਾਸ਼ਣ ਨਾਲ ਹਿੱਸਾ ਪਾਇਆ। ਹਰਜਿੰਦਰ ਸਿੰਘ ਢੇਸੀ ਨੇ ਬੜੇ ਸੁੰਦਰ ਸੰਖੇਪ ਸ਼ਬਦਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਕਵੀਸ਼ਰ ਸ: ਗੁਰਦੇਵ ਸਿੰਘ ਸਾਹੋਕੇ ਨੇ ਦੋ ਛੰਦਾਂ ਨਾਲ ਸਰੋਤਿਆਂ ਨੂੰ ਕੀਲ ਲਿਆ।

ਫੋਰਮ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਆਏ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ। ਸਟੇਜ ਦੀ ਸਾਰੀ ਕਾਰਵਾਈ ਉਘੇ ਕਵੀ ਦਲਜੀਤ ਸਿੰਘ ਰਿਆੜ ਨੇ ਬੜੀ ਨਿਪੁੰਨਤਾ ਨਾਲ ਨਿਭਾਈ। ਸਾਰੇ ਸਮਾਗਮ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਲਗਾਤਾਰ ਚਲਦਾ ਰਿਹਾ।

# ਕੇਜਰੀਵਾਲ ਸਰਕਾਰ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਣਾਉਣ 'ਤੇ ਅਮਰੀਕਨ ਸਿੱਖ ਆਗੂਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ

## ਦਿੱਲੀ ਸਰਕਾਰ ਨੂੰ ਦਿੱਤੀ ਵਧਾਈ ਪਰ ਦਿੱਲੀ ਗੁਰਦੁਆਰਾ ਕਮੇਟੀ ਦੀ ਕਰੜੀ ਨਿਖੇਧੀ ਕੀਤੀ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)–** ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਛਾਪੇ ਗਏ ਇਸ਼ਤਿਹਾਰਾਂ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ, ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਦਰਸਾਉਣ ਦਾ ਅਮਰੀਕਨ ਸਿੱਖ ਆਗੂਆਂ ਨੇ ਭਰਪੂਰ ਸਵਾਗਤ ਕੀਤਾ ਹੈ। ਵਰਣਨਯੋਗ ਹੈ ਕਿ ਬੀਤੇ 6 ਨਵੰਬਰ ਨੂੰ ਦਿੱਲੀ ਸਰਕਾਰ ਵੱਲੋਂ ਰਾਸ਼ਟਰੀ ਅਤੇ ਕੁਝ ਸਥਾਨਕ ਅਖਬਾਰਾਂ ਵਿਚ ਛਪਵਾਏ ਇਸ਼ਤਿਹਾਰਾਂ ਵਿਚ ਕੁਝ ਹੋਰ ਇਤਿਹਾਸਕ ਦਿਹਾੜਿਆਂ ਦੇ ਨਾਲ ਨਾਲ ਨੌਵੇਂ ਗੁਰੂ ਜੀ ਦੇ ਸ਼ਹੀਦੀ ਦਿਵਸ ਬਾਰੇ ਵੀ ਸਤਿਕਾਰ ਪ੍ਰਗਟਾਇਆ ਗਿਆ ਹੈ। ਦੇਸ਼-ਵਿਦੇਸ਼ ਦੀਆਂ ਤਮਾਮ ਸਿੱਖ-ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਸ਼ਹੀਦੀ ਪੁਰਬ ਦੀ ਤਰੀਕ ਮੂਲ ਨਾਨਕਸ਼ਾਹੀ ਕੈਲੰਡਰ ਵਾਲੀ, ਭਾਵ ਕਿ 24 ਨਵੰਬਰ ਲਿਖੀ ਗਈ ਹੈ।

ਜਦਕਿ ਸਿੱਖ ਵਿਰੋਧੀ ਤਾਕਤਾਂ ਦੇ ਹੁਕਮਾਂ ਅਧੀਨ ਬਣਾਏ ਗਏ 'ਮਿਲ-ਗੋਭਾ' ਕੈਲੰਡਰ ਅਨੁਸਾਰ ਇਹ ਸ਼ਹੀਦੀ ਪੁਰਬ 16 ਦਸੰਬਰ ਦਾ ਬਣਾ ਦਿੱਤਾ ਗਿਆ ਹੈ। ਇਸ ਮਹੱਤਵਪੂਰਨ ਫੈਸਲੇ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਅਤੇ ਕਨਵੀਨਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਸੀਂ ਪ੍ਰਵਾਸੀ ਸਿੱਖਾਂ ਵੱਲੋਂ ਸ੍ਰੀ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਦਾ ਧੰਨਵਾਦ ਕਰਦੇ ਹਾਂ।

ਇਸੇ ਤਰ੍ਹਾਂ ਖਗੋਲ ਅਤੇ ਭੂਗੋਲ ਵਿਸ਼ਿਆਂ ਦੇ ਮਾਹਿਰ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਸਮਰਥਕ ਤੇ ਪ੍ਰਚਾਰਕ ਭਾਈ ਸਰਬਜੀਤ ਸਿੰਘ 'ਸੈਕਰਾਮੈਂਟੋ' ਨੇ ਕਿਹਾ ਕਿ ਖਾਲਸਾ ਪੰਥ ਦੀ ਵਿਲੱਖਣਤਾ ਦੇ ਪ੍ਰਤੀਕ ਇਸ ਕੈਲੰਡਰ ਦੇ ਰਚਣਹਾਰੇ ਸ. ਪਾਲ ਸਿੰਘ ਪੁਰੇਵਾਲ ਦਾ ਮੰਨਣਾ ਹੈ ਕਿ ਇਤਿਹਾਸਕ ਦਿਹਾੜਿਆਂ ਦੀਆਂ ਸਦੀਵ ਕਾਲ ਲਈ ਪੱਕੀਆਂ ਤਰੀਕਾਂ ਮਿੱਥਣ ਵਾਸਤੇ, ਦੇਰ-ਸਵੇਰ ਮੂਲ ਕੈਲੰਡਰ ਅਪਣਾਉਣਾ ਹੀ ਪੈਣਾ ਹੈ।

ਸ੍ਰੀ ਕੇਜਰੀਵਾਲ ਸਰਕਾਰ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਇਕ ਤਰ੍ਹਾਂ ਨਾਲ ਮਾਨਤਾ ਦੇਣ ਲਈ ਵਰਲਡ ਸਿੱਖ ਫੈਡਰੇਸ਼ਨ ਦੇ ਪ੍ਰਮੁੱਖ ਸੇਵਾਦਾਰਾਂ ਭਾਈ ਹਰਬਖਸ਼ ਸਿੰਘ ਰਾਊਕੇ, ਡਾ. ਗੁਰਮੀਤ ਸਿੰਘ ਬਰਸਾਲ, ਭਾਈ ਹਰਮਿੰਦਰ ਸਿੰਘ ਸੇਖਾ, ਭਾਈ ਵਰਿੰਦਰ ਸਿੰਘ ਗੋਲਡੀ ਅਤੇ ਭਾਈ ਬਲਵਿੰਦਰ ਸਿੰਘ ਲੰਗੜੋਆ ਨੇ ਵੱਡੀ ਪ੍ਰਸੰਨਤਾ ਦਾ ਇਜ਼ਹਾਰ ਕਰਦਿਆਂ ਦਿੱਲੀ ਦੀ 'ਆਪ' ਸਰਕਾਰ ਦਾ ਤਹਿ ਦਿਲੋਂ ਸ਼ੁਕਰਾਨਾ ਕੀਤਾ। ਯੂਨਾਈਟਿਡ ਸਿੱਖ ਨੇਸ਼ਨ ਸਿਆਟਲ ਦੇ ਭਾਈ ਅਜੈਬ ਸਿੰਘ, ਜੋਗਾ ਸਿੰਘ, ਹਰਨੇਕ ਸਿੰਘ ਅਤੇ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਦੇ ਭਾਈ ਅਵਤਾਰ ਸਿੰਘ ਮਿਸ਼ਨਰੀ ਨੇ ਵੀ ਦਿੱਲੀ ਸਰਕਾਰ ਨੂੰ ਵਧਾਈ ਦਿੱਤੀ ਹੈ।

ਉਕਤ ਸਿੱਖ ਆਗੂਆਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਜੀ. ਕੇ.- ਸਿਰਸਾ' ਜੋੜੀ ਦੀ ਇਸ ਗੱਲੋਂ ਕਰੜੀ ਆਲੋਚਨਾ ਕੀਤੀ ਹੈ ਕਿਉਂਕਿ ਇਹਨਾਂ ਦੋਹਾਂ ਨੇ ਕੇਜਰੀਵਾਲ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰਦੀ ਥਾਂ ਬਾਦਲਸ਼ਾਹੀ ਦੇ ਗੁਲਾਮਾਂ ਵਾਲਾ 'ਬੇ-ਸਿਰ ਪੈਰਾ ਕੈਲੰਡਰ' ਹੀ ਅਪਣਾਇਆ ਜਾਵੇ। ਦਿੱਲੀ ਕਮੇਟੀ ਵਾਲਿਆਂ ਨੂੰ ਝਾੜ ਪਾਉਂਦਿਆਂ ਅਮਰੀਕਨ ਸਿੱਖ ਆਗੂਆਂ ਨੇ ਕਿਹਾ ਕਿ ਉਹ ਆਪਣੀ ਗੁਲਾਮ ਜ਼ਹਿਨੀਅਤ ਨੂੰ ਆਪਣੇ ਨਿੱਜ ਤੱਕ ਹੀ ਸੀਮਤ ਰੱਖਣ, ਇਸ ਨੂੰ ਹੋਰ ਸਿੱਖਾਂ ਸਿਰ ਥੋਪਣ ਦੇ ਕੋਝੇ ਯਤਨ ਨਾ ਕਰਨ। ਕਿਉਂਕਿ ਦੇਸ਼-ਵਿਦੇਸ਼ ਦੇ ਸਮੂਹ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ ਮੂਲ ਨਾਨਕਸ਼ਾਹੀ ਕੈਲੰਡਰ ਨਾਲ ਹੀ ਜੁੜੇ ਹੋਏ ਹਨ।

# ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵੱਲੋਂ ਪ੍ਰੇਮ ਕੁਮਾਰ ਚੁੰਬਰ ਨਾਲ਼ ਰੂਬਰੂ











**ਹੁਸ਼ਿਆਰਪੁਰ (ਬਿਊਰੋ)–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਰਜਿ. ਵਲੋਂ ਡਾ. ਕਰਮਜੀਤ ਸਿੰਘ ਅਤੇ ਜਸਵੀਰ ਧੀਮਾਨ ਦੀ ਪ੍ਰਧਾਨਗੀ ਵਿਚ ਪ੍ਰੇਮ ਕੁਮਾਰ ਚੁੰਬਰ ਨਾਲ਼ ਰੂਬਰੂ ਕਰਵਾਇਆ ਗਿਆ ।

ਸ੍ਰੀ ਚੁੰਬਰ ਕੈਲੀਫੋਰਨੀਆਂ ਅਮਰੀਕਾ ਤੋਂ ਅਕਤੂਬਰ ਮਹੀਨੇ ਭਾਰਤ ਆਏ ਹੋਏ ਸਨ। ਉਹ ਕਈ ਸਾਲਾਂ ਤੋਂ ਉਧਰ 'ਦੇਸ਼ ਦੁਆਬਾ' ਅਤੇ ਦਾ 'ਅੰਬੇਡਕਰ ਟਾਈਮਜ਼' ਅਖ਼ਬਾਰ ਨਿਯਮਤ ਰੂਪ ਵਿਚ ਕੱਢ ਰਹੇ ਹਨ। ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਪ੍ਰਤਿਬੱਧਤਾ ਨਾ਼ਲ ਪੰਜਾਬੀ ਅਖ਼ਬਾਰ ਕੱਢਣਾ ਸੱਚਮੁੱਚ ਹੀ ਕਠਿਨ ਕਾਰਜ ਹੈ ਕਿਉਂਕਿ ਇਹ ਬਿਨਾਂ ਪੈਸਿਆਂ ਤੋਂ ਲੋਕਾਂ ਤਕ ਪਹੁੰਚਾਉਣਾ ਹੁੰਦਾ ਹੈ। ਸ੍ਰੀ ਚੁੰਬਰ ਨੇ ਅਮਰੀਕਾ ਦੇ ਸਮਾਜ ਬਾਰੇ ਜਿੱਥੇ ਚੰਗੀਆਂ ਗੱਲਾਂ ਦਾ ਵਿਸਤਾਰ ਸਹਿਤ ਵੇਰਵਾ ਦਿੱਤਾ ਉੱਥੇ ਨਾ਼ਲ ਹੀ ਕੁਝ ਸੀਮਾਵਾਂ ਨੂੰ ਵੀ ਰੇਖਾਂਕਿਤ ਕੀਤਾ। ਸ਼੍ਰੋਤਿਆਂ ਵਲੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦਿੰਦਿਆਂ ਉਨ੍ਹਾਂ ਕਈ ਭਾਵੁਕ ਪਲਾਂ, ਖਾਸ ਕਰਕੇ ਉਘੇ ਸ਼ਾਇਰ ਮਦਨਵੀਰਾ ਦੇ ਇਕ ਸਵਾਲ ਨਾ਼ਲ ਵੀ ਸਾਂਝ ਪੁਆਈ, । ਇਸ ਸਮੇਂ ਡਾ. ਮਨਮੋਹਨ ਸਿੰਘ ਤੀਰ, ਡਾ: ਰਵਿੰਦਰ ਕੌਰ, ਸਤਵੰਤ ਕਲੋਟੀ, ਮਦਨ ਵੀਰਾ, ਕੁਲਤਾਰ ਸਿੰਘ ਕੁਲਤਾਰ, ਸੁਰਿੰਦਰ ਕੰਗਵੀ, ਲਖਵਿੰਦਰ ਰਾਮ, ਅਜੀਤ ਸਿੰਘ ਜੱਬਲ, ਡਾ: ਸਰਦੂਲ ਸਿੰਘ, ਲਖਵਿੰਦਰ ਸਿੰਘ, ਸੁਰਿੰਦਰ ਸਲੂਣ, ਦਾਸ ਭਾਰਤੀ , ਇਕਬਾਲ ਸਿੰਘ, ਗੁਰਬਚਨ ਕੌਰ ਅਤੇ ਜੀਵਨ ਜੋਤ ਵਲੋਂ ਅਨੇਕਾਂ ਸਵਾਲਾਂ ਦੇ ਪੁੱਛੇ ਪ੍ਰਸ਼ਨਾਂ ਦੇ ਚੁੰਬਰ ਹੁਰਾਂ ਬੜੇ ਠਰ੍ਹਮੇ ਨਾ਼ਲ ਜਵਾਬ ਦਿੱਤੇ।

ਇਸ ਸਮੇਂ ਲਖਵਿੰਦਰ ਸਿੰਘ ਅਤੇ ਸੁਰਿੰਦਰ ਕੰਗਵੀ ਦੀਆਂ ਮਾਤਾਵਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਜਲੀ ਦਿੱਤੀ ਗਈ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਈਆਂ। ਸਾਹਿਤ ਸਭਾ ਨੇ ਅੱਜੋਕੇ ਸਮੇਂ ਭਾਰਤ ਵਿਚ ਬਣ ਰਹੇ ਅਸਹਿਨਸ਼ੀਲ ਮਾਹੌਲ ਉਪਰ ਚਰਚਾ ਵੀ ਕੀਤੀ ਜਿਸਦੇ ਚਲਦੇ ਢਾਬੋਲਕਰ, ਪੰਸਾਰੇ ਅਤੇ ਲੇਖਕ ਕਲਬੁਰਗੀ ਦਾ ਕਤਲ ਕੀਤਾ ਹੋਇਆ। ਅਸਹਿਨਸ਼ੀਲ ਮਾਹੌਲ ਅਤੇ ਬੋਲਣ, ਖਾਣ ਅਤੇ ਪਹਿਨਣ ਆਦਿ ਉਪਰ ਲਾਈਆਂ ਪਾਬੰਦੀਆਂ ਖਿਲਾਫ਼ 31 ਤੋਂ ਉਪਰ ਲੇਖਕਾਂ ਵਲੋਂ ਭਾਰਤੀ ਸਾਹਿਤ ਅਕੈਡਮੀ ਦੇ ਇਨਾਮਾਂ ਨੂੰ ਮੋੜਨ ਦਾ ਸਮਰਥੱਨ ਕੀਤਾ ਗਿਆ ਅਤੇ ਇਸ ਮਾਹੌਲ ਵਿਚ ਸਭਾ ਵਲੋਂ ਆਪਣਾ ਯੋਗਦਾਨ ਪਾਉਣ ਦਾ ਅਹਿਦ ਵੀ ਲਿਆ ਗਿਆ। ਇਸ ਸਮਾਗਮ ਦੀ ਕਾਰਵਾਈ ਡਾ. ਜਸਵੰਤ ਰਾਇ ਨੇ ਬਾਖੂਬੀ ਨਿਭਾਈ।

**ਜਾਰੀ ਕਰਤਾ: ਡਾ. ਜਸਵੰਤ ਰਾਏ, ਜਨਰਲ ਸਕੱਤਰ**
**ਪੰਜਾਬੀ ਸਾਹਿਤ ਸਭਾ ਹੁਸਿਆਰਪੁਰ**

# ਪੰਜਾਬ ਭਰ ਦੇ ਛੋਟੇ ਸਮਾਚਾਰ ਪੱਤਰਾਂ ਨੇ ਕੀਤੀ ਸਾਲਾਨਾ ਕਾਨਫ਼ਰੰਸ

## ਮੁੱਖ ਮਹਿਮਾਨ ਕੇ ਡੀ ਭੰਡਾਰੀ ਨੇ ਕੀਤਾ 1 ਲੱਖ ਰੁਪਏ ਦੇਣ ਦਾ ਐਲਾਨ













**ਜਲੰਧਰ (ਬਿਊਰੋ)–** ਪੰਜਾਬ ਭਰ ਦੇ ਛੋਟੇ ਸਮਾਚਾਰ ਪਤਰਾਂ ਦੀ ਸਾਲਾਨਾ ਕਾਨਫ਼ਰੰਸ 2015 ਇਥੇ ਪ੍ਰੈਸ ਕਲੱਬ ਵਿਚ ਸਫ਼ਲਤਾ ਸਹਿਤ ਸੰਪੂਰਨ ਹੋਈ। ਸ. ਰਜਿੰਦਰ ਸਿੰਘ ਮਿਗਲਾਨੀ ਦੇ ਝੰਡਾ ਲਹਿਰਾਣ ਦੀ ਰਸਮ ਅਦਾ ਕਰਨ ਦੇ ਨਾਲ ਹੀ ਡੈਲੀਗੇਟ ਸੈਸ਼ਨ ਆਰੰਭ ਹੋਇਆ ਜਿਸਦੀ ਪ੍ਰਧਾਨਗੀ ਮਾਲੇ-ਰਕੋਟਲਾ ਤੋਂ ਆਏ ਪਹੁਫੁਟਾਲਾ ਦੇ ਐਡੀਟਰ ਜਨਾਬ ਮੁਹੰਮਦ ਅਤੇ ਜ਼ਿਲ੍ਹਾ ਜਲੰਧਰ ਪ੍ਰਧਾਨ ਨਿਰਮਲ ਭੱਟੀ ਐਡੀਟਰ ਵਿ-ਗਆਨਕ ਸੋਚ ਫਿਲੌਰ ਨੇ ਕੀਤੀ। ਫ਼ਰੈਡੀ ਜੋਸਫ (ਮੁੱਖ ਸੰਪਾਦਕ 'ਮਸੀਹੀ ਸੰਸਾਰ), ਸਿਕੰਦਰ ਸਿੰਘ ਹੁਸ਼ਿਆਰਪੁਰ, ਜਸਵਿੰਦਰ ਸਿੰਘ ਖਾਂਬੜਾ (ਐਡੀਟਰ ਸੈਣ ਪੱਤ੍ਰਿਕਾ), ਗੁਰਨਾਮ ਸਿੰਘ ਤੇ ਭੰਡਾਰੀ ਬਟਾਲਾ, ਪੁਸ਼ਪਿੰਦਰ ਕੌਰ, ਸ. ਛੀਨਾ ਅੰਮਿ-ਤਸਰ, ਪ੍ਰੇਮ ਚੂੰਬਰ ਕੈਲੋਫੋਰਨੀਆ, ਰਵਿੰਦਰ ਸੈਣੀ ਨੇ ਵਿਚਾਰ ਰੱਖੇ। ਦੂਜੇ ਸੈਸ਼ਨ ਵਿਚ ਪੰਜਾਬ ਦੇ ਚੀਫ਼ ਪਾਰਲੀਮੈਂਟਰੀ ਸੈਕਟਰੀ ਕੇ. ਡੀ. ਭੰਡਾਰੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਜਦਕਿ ਪ੍ਰਧਾਨਗੀ ਮੰਡਲ ਵਿਚ ਬੇਅੰਤ ਸਿੰਘ ਸਰਹੱਦੀ, ਗੁਰਬਖ਼ਸ਼ ਸਿੰਘ ਜੁਨੇਜਾ, ਰਾਜਿੰਦਰ ਸਿੰਘ ਮਿਗਲਾਨੀ, ਰਵਿੰਦਰ ਸੈਣੀ, ਮੋਹਣ ਸਿੰਘ ਸਹਿਗਲ ਸ਼ਸ਼ੋਭਿਤ ਸਨ। ਮਾਸਟਰ ਮਹਿੰਦਰ ਸਿੰਘ ਅਨੇਜਾ, ਹਰਭਜਨ ਸਿੰਘ ਨਾਹਲ ਤੇ ਅੰਮ੍ਰਿਤਪਾਲ ਸਿੰਘ ਭੱਲਾ ਨੇ ਗੀਤ ਤੇ ਕਵਿਤਾਵਾਂ ਨਾਲ ਮਾਹੌਲ ਨੂੰ ਮੁਅੱਤਰ ਕੀਤਾ। ਕੌਂਸਲ ਪ੍ਰਧਾਨ ਸਰਹੱਦੀ ਨੇ 10 ਮੰਗਾਂ ਦਾ ਚਾਰਟਰ ਸ੍ਰੀ ਭੰਡਾਰੀ ਨੂੰ ਪੇਸ਼ ਕੀਤਾ। ਮੰਗਾਂ ਵਿੱਚ ਵਿਸ਼ੇਸ਼ ਤੌਰ 'ਤੇ ਛੋਟੇ ਅਖ਼ਬਾਰਾਂ ਤੇ ਡਾਕ ਟਿਕਟ 25 ਪੈਸੇ ਤੋਂ ਵਧਾ ਕੇ 95 ਪੈਸੇ ਕਰਨ ਵਿਰੁੱਧ ਖ਼ਾਸ ਰੋਸ ਪ੍ਰਗਟ ਕੀਤਾ ਗਿਆ, ਐਕਰੀਡੀਸ਼ਨ ਕਮੇਟੀ, ਲੋਕਲ ਅਮਨ ਕਮੇਟੀਆਂ, ਸਲਾਹਕਾਰ ਕਮੇਟੀਆਂ ਤੇ ਹੋਰ ਕਮੇਟੀਆਂ ਵਿਚ ਛੋਟੇ ਅਖ਼ਬਾਰਾਂ ਦੇ ਮੈਂਬਰ ਲਏ ਜਾਣ, ਸੰਪਾਦਕਾਂ ਦੀਆਂ ਗੱਡੀਆਂ ਨੂੰ ਟੋਲ ਟੈਕਸ ਮੁਫ਼ਤ ਕੀਤਾ ਜਾਏ, ਕੇਂਦਰ ਅਤੇ ਸੂਬਾਈ ਸਰਕਾਰਾਂ ਵਲੋਂ ਇਸ਼ਤਿਹਾਰ ਦੇਣ ਸਮੇਂ ਵਿਤਕਰਾ ਨਾ ਕੀਤਾ ਜਾਏ, ਬਸ ਸਰਵਿਸ ਫ਼੍ਰੀ ਪ੍ਰਾਪਤ ਹੋਵੇ, ਮੁਫ਼ਤ ਬੀਮਾ ਸਕੀਮ ਅਤੇ ਪ੍ਰਿੰਟਿੰਗ ਪ੍ਰੈਸ/ਕੰਪਿਊਟਰ ਆਦਿ ਲਈ ਵਿਆਜ ਰਹਿਤ ਕਰਜ਼ੇ ਦਿੱਤੇ ਜਾਣ ਆਦਿ ਮੰਗਾਂ ਬਾਰੇ ਕਿਹਾ ਗਿਆ।

ਸ੍ਰੀ ਭੰਡਾਰੀ ਨੇ ਕਿਹਾ ਕਿ ਉਹ ਮੁੱਖ ਮੰਤਰੀ ਸਾਹਿਬ ਨਾਲ ਗੱਲ ਕਰਕੇ ਇਹ ਮੰਗਾਂ ਪੂਰੀਆਂ ਕਰਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ।

ਸ੍ਰੀ ਭੰਡਾਰੀ ਨੇ ਕੌਂਸਲ ਦੇ ਕੰਮਕਾਰ ਲਈ ਇਖ਼ਤਿਆਰੀ ਫ਼ੰਡ 'ਚੋਂ ਇਕ ਲੱਖ ਰੁਪਏ ਗਰਾਂਟ ਦੇਣ ਦਾ ਐਲਾਨ ਕੀਤਾ।

ਇਸ ਅਵਸਰ ਤੇ ਸ੍ਰੀ ਕੇ. ਡੀ. ਭੰਡਾਰੀ, ਸ. ਮਿਗਲਾਨੀ ਤੇ ਸ. ਜੁਨੇਜਾ ਨੂੰ ਦੁਸ਼ਾਲਾ, ਸਿਰੋਪਾਉ ਤੇ ਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਰਾਜਪੁਰਾ ਤੋਂ ਆਏ ਕੌਂਸਲ ਦੇ ਮੈਂਬਰ 83 ਸਾਲਾ ਬਜ਼ੁਰਗ ਪੱਤਰਕਾਰ ਸ. ਇੰਦਰ ਸਿੰਘ ਅਲੱਗ ਨੂੰ ਸਿਰੋਪਾਉ, ਦੁਸ਼ਾਲਾ, ਮਾਣ ਪੱਤਰ ਤੇ ਗਿਆਰਾਂ ਹਜ਼ਾਰ ਰੁਪਏ ਨਕਦ ਦੇ ਕੇ ਸਨਮਾਨਤ ਕੀਤਾ ਗਿਆ। ਕੈਲੇਫੋਰਨੀਆ ਤੋਂ ਆਏ ਪ੍ਰੇਮ ਚੁੰਬਰ (ਮੁੱਖ ਸੰਪਾਦਕ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਦਾ ਸਵਾਗਤ ਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਮਾਪਤੀ ਤੇ ਸਭ ਨੇ ਮਿਲਕੇ ਲੰਚ ਕੀਤਾ। ਸਟੇਜ ਦੀ ਕਾਰਵਾਈ ਸਕੱਤਰ ਮੇਜਰ ਜਗਜੀਤ ਸਿੰਘ ਰਿਸ਼ੀ ਨੇ ਬੜੀ ਯੋਗਤਾ ਨਾਲ ਨਿਭਾਈ।

# ਪੰਜਾਬੀ ਅਤੇ ਪੰਜਾਬੀਅਤ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਵਚਨਬੱਧ ਹਾਂ- ਚੁੰਬਰ

**ਪਟਿਆਲਾ–** ਕੈਲੇਫੋਰਨੀਆ ਤੋਂ ਨਿਕਲਦੇ ਪੰਜਾਬੀ ਅਖਬਾਰ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਭਾਈ ਵੀਰ ਸਿੰਘ ਚੇਅਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਲ ਕੀਤਾ ਗਿਆ। ਇਸ ਅਵਸਰ ਤੇ ਉਨ੍ਹਾਂ ਨੂੰ ਸਤਿਕਾਰ ਵਜੋਂ ਇਕ ਸ਼ਾਲ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੀਆਂ ਕਿਤਾਬਾਂ ਦਾ ਸੈਟ ਭੇਂਟ ਕੀਤਾ ਗਿਆ।

ਇਸ ਮੌਕੇ ਤੇ ਡਾ. ਗੁਰਨਾਇਬ ਸਿੰਘ, ਮੁਖੀ ਭਾਈ ਵੀਰ ਸਿੰਘ ਚੇਅਰ ਨੇ ਸ੍ਰੀ ਚੁੰਬਰ ਦੀ ਸ਼ਖਸੀਅਤ ਬਾਰੇ ਬੋਲਦਿਆਂ ਕਿਹਾ ਕਿ ਉਹ ਵਿਦੇਸ਼ ਦੀ ਧਰਤੀ ਤੇ ਵਿਚਰਦੇ ਹੋਏ ਵੀ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡੇ ਪੱਧਰ ਤੇ ਯਤਨਸ਼ੀਲ ਹਨ। ਉਹਨਾਂ ਨੇ ਕਿਹਾ ਕਿ ਸ੍ਰੀ ਚੁੰਬਰ ਇਕ ਕਿਰਤੀ ਅਤੇ ਸਿਰੜੀ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਨੂੰ ਹਮੇਸ਼ਾ ਹੀ ਕਿਰਤੀ ਵਰਗ ਦੀ ਸੋਚ ਤੇ ਵਿਚਾਰਧਾਰਾ ਤੇ ਕਰੜਾ ਪਹਿਰਾ ਦਿੱਤਾ ਹੈ ਤੇ ਉਨ੍ਹਾਂ ਦਾ ਅਖਬਾਰ ਵੀ ਅਮਰੀਕਾ ਦੀ ਧਰਤੀ ਤੇ ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਦੀ ਤਰਜਮਾਨੀ ਕਰ ਰਿਹਾ ਹੈ।

ਇਸ ਤੋਂ ਬਾਅਦ ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਅਧਿਆਪਕ ਤੇ ਲੇਖਕ ਡਾ. ਮੋਹਨ ਤਿਆਗੀ ਨੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਨਾਲ ਪੀ. ਐਚ. ਡੀ. ਦੇ ਖੋਜ ਵਿਦਿਆਰਥੀਆਂ ਨਾਲ ਜਾਣ ਪਛਾਣ ਕਰਵਾਈ ਜਿਸ ਵਿਚ ਵਿਦਿਆਰਥੀਆਂ ਨੇ ਅਮਰੀਕਾ ਵਿਚ ਪੰਜਾਬੀ ਭਾਸ਼ਾ ਤੇ ਮੀਡੀਆ ਦੀ ਸਥਿਤੀ ਬਾਰੇ ਕਈ ਸਵਾਲ-ਜਵਾਬ ਕੀਤੇ ਜਿਹਨਾਂ ਦਾ ਸ੍ਰੀ ਚੁੰਬਰ ਦੁਆਰਾ ਬੜਾ ਢੁਕਵਾਂ ਤੇ ਭਾਵਪੂਰਤ ਜਵਾਬ ਦਿੱਤਾ ਗਿਆ। ਇਸ ਮੌਕੇ ਡਾ. ਪਰਮਜੀਤ ਕੌਰ, ਡਾ. ਵੀਰਪਾਲ ਕੌਰ, ਸ੍ਰੀ ਕੁਲਪਿੰਦਰ ਸ਼ਰਮਾ, ਸ੍ਰੀ ਹਸਨ ਥਾਪਾ ਤੋਂ ਇਲਾਵਾ ਖੋਜ ਵਿਦਿਆਰਥੀ, ਮਨੋਹਰ ਲਾਲ, ਗੁਰਦੀਪ ਸਿੰਘ, ਚਰਨਜੀਤ ਸਿੰਘ, ਗੁਰਪ੍ਰੀਤ ਕੌਰ, ਮਨਜੀਤ ਕੌਰ, ਬੰਤਾ ਸਿੰਘ, ਕੁਲਵਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਸਮਾਗਮ ਦੇ ਅੰਤ ਤੇ ਸ੍ਰੀ ਚੁੰਬਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲੇ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਉਹ ਹਮੇਸ਼ਾ ਪੰਜਾਬੀ ਮਾਂ ਬੋਲੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਡਟੇ ਰਹਿਣਗੇ। ਉਹਨਾਂ ਕਿਹਾ ਕਿ ਭਾਈ ਵੀਰ ਸਿੰਘ ਚੇਅਰ ਵੱਲੋਂ ਉਹਨਾਂ ਦਾ ਸਨਮਾਨ ਪੰਜਾਬੀ ਮਾਂ ਬੋਲੀ ਦਾ ਹੀ ਸਨਮਾਨ ਹੈ।

**ਮਨੋਹਰ ਲਾਲ**
**ਗੁਰਦੀਪ ਸਿੰਘ**
**ਖੋਜ ਵਿਦਿਆਰਥੀ (ਪੀ. ਐਚ. ਡੀ.)**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**



















ਰਿਪੋਰਟ ਤੇ ਤਸਵੀਰਾਂ
ਮਨੋਹਰ ਲਾਲ, ਗੁਰਦੀਪ ਸਿੰਘ

ਦੇਸ਼ ਦੁਆਬਾ

# ਪੰਜਾਬ ਦਾ ਮਾਹੌਲ ਅਸ਼ਾਂਤੀ ਅਤੇ ਟਕਰਾਅ ਵੱਲ

ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿਚ ਵਾਪਰੀਆਂ ਵੱਖ-ਵੱਖ ਘਟਨਾਵਾਂ ਦੇ ਕਾਰਨ ਅਸ਼ਾਂਤੀ ਅਤੇ ਟਕਰਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਸਰਬੱਤ ਖਾਲਸਾ ਸੱਦੇ ਜਾਣ ਤੋਂ ਬਾਅਦ ਇਹ ਟਕਰਾਅ ਵਾਲੀ ਸਥਿਤੀ ਹੋਰ ਗਹਿਰੀ ਹੁੰਦੀ ਜਾ ਰਹੀ ਹੈ। ਪੰਜਾਬ ਵਿਚ ਹਰ ਰੋਜ਼ ਕਿਤੇ ਨਾ ਕਿਤੇ ਸੜਕਾਂ ਜਾਮ ਰਹਿੰਦੀਆਂ ਹਨ ਅਤੇ ਆਮ ਲੋਕੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਫੜੋ-ਫੜੀ ਦਾ ਦੌਰ ਜਾਰੀ ਹੈ ਅਤੇ ਸਰਕਾਰ ਅਤੇ ਵਿਰੋਧੀ ਧਿਰਾਂ ਵਿਚਕਾਰ ਟਕਰਾਅ ਦੀ ਸਥਿਤੀ ਵਧਦੀ ਜਾ ਰਹੀ ਹੈ। ਧਾਰਮਿਕ ਭਾਵਨਾਵਾਂ ਦੀ ਆਪਣੀ ਅਹਿਮੀਅਤ ਹੈ ਪਰ ਪੰਜਾਬ ਨੂੰ ਇਸ ਵਕਤ ਸ਼ਾਂਤੀ ਦੀ ਸਭ ਤੋਂ ਜ਼ਿਆਦਾ ਲੋੜ ਹੈ। ਅਕਸਰ ਹੀ ਜਦੋਂ ਚੋਣਾਂ ਨੇੜੇ ਆਉਂਦੀਆਂ ਹਨ, ਸਿਆਸੀ ਲੋਕ ਕੋਈ ਨਾ ਕੋਈ ਲਹਿਰ ਬਣਾਉਣ ਲਈ ਜ਼ੋਰ ਲਗਾਉਂਦੇ ਹਨ ਪਰ ਇਸ ਦਰਮਿਆਨ ਆਮ ਜਨਤਾ ਨੂੰ ਪੂਰਨ ਸੰਜਮ ਨਾਲ ਚੱਲਣ ਦੀ ਲੋੜ ਹੈ। ਪੰਜਾਬ ਬੰਦ ਦਾ ਸੱਦਾ ਹਰ ਰੋਜ਼ ਦਿੱਤਾ ਜਾਂਦਾ ਹੈ ਅਤੇ ਇਸ ਕਾਰਨ ਸਰਕਾਰੀ ਦਫਤਰਾਂ ਸਮੇਤ ਸਕੂਲ ਅਤੇ ਆਵਾਜਾਈ ਪ੍ਰਭਾਵਿਤ ਹੁੰਦੀ ਹੈ। 23 ਨਵੰਬਰ ਦੇ ਪੰਜਾਬ ਬੰਦ ਦਾ ਜ਼ਿਆਦਾ ਅਸਰ ਇਸੇ ਕਾਰਨ ਦਿਖਾਈ ਨਹੀਂ ਦਿੱਤਾ ਕਿਉਂਕਿ ਆਮ ਲੋਕੀ ਹੁਣ ਹਰ ਰੋਜ਼ ਦੇ ਬੰਦ ਦੇ ਸੱਦਿਆਂ ਕਾਰਨ ਪ੍ਰੇਸ਼ਾਨ ਮਹਿਸੂਸ ਕਰ ਰਹੇ ਹਨ। ਹਾਲਾਂਕਿ ਜੋ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਵਿਚ ਵਾਪਰੀਆਂ ਹਨ, ਉਹ ਬੇਹੱਦ ਨਿੰਦਯੋਗ ਹਨ ਪਰ ਇਸ ਦੇ ਕਾਰਨ ਭੜਕਾਹਟ ਵਾਲਾ ਮਾਹੌਲ ਪੈਦਾ ਕਰਨ ਤੋਂ ਬਚਣ ਦੀ ਲੋੜ ਹੈ। ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਹੰਢਾਇਆ ਹੈ ਅਤੇ ਇਸ ਵਕਤ ਇਹ ਸੂਬਾ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਦੇ ਭਾਰ ਹੇਠ ਦੱਬਿਆ ਹੈ। ਸਮੇਂ ਦੀਆਂ ਸਰਕਾਰਾਂ ਦੁਆਰਾ ਸਹੀ ਦਿਸ਼ਾ ਵਿਚ ਕਦਮ ਨਾ ਚੁੱਕੇ ਜਾਣ ਕਾਰਨ ਪੰਜਾਬ ਵਿਚ ਮਹਿੰਗਾਈ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਕਿਤੇ ਵੱਧ ਹੈ। ਆਮ ਲੋਕਾਂ ਨੂੰ ਜਨਤਕ ਸਹੂਲਤਾਂ ਦੇ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਦੇ ਲੋਕੀ ਧਾਰਮਿਕ ਵਿਭਿੰਨਤਾ ਦੇ ਬਾਵਜੂਦ ਹਮੇਸ਼ਾ ਇੱਕਜੁਟ ਹੋ ਕੇ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੇ ਆਦੀ ਹਨ। ਹੁਣ ਵੀ ਲੋਕਾਂ ਨੂੰ ਪਾੜਨ ਦੀਆਂ ਕੋਸ਼ਿਸ਼ਾਂ ਨੂੰ ਨਕਾਰਿਆ ਜਾਣਾ ਚਾਹੀਦਾ ਹੈ। ਬਹੁਤ ਸਾਰੀਆਂ ਮੁਸ਼ਕਿਲਾਂ ਜੋ ਦਰਪੇਸ਼ ਹਨ, ਉਹਨਾਂ ਦਾ ਹੱਲ ਟਕਰਾਅ ਨਾਲ ਨਿਕਲਣ ਦੀ ਕੋਈ ਸੰਭਾਵਨਾ ਨਹੀਂ ਹੈ। ਪੰਜਾਬ ਵਿਚ ਡੇਰਾਵਾਦ ਦੀ ਇਕ ਬੜੀ ਵੱਡੀ ਸਮੱਸਿਆ ਹੈ, ਜਿਸ ਦੇ ਬਹੁਤ ਭਾਰੀ ਗਿਣਤੀ ਵਿਚ ਲੋਕ ਸ਼ਰਧਾਲੂ ਹਨ। ਸਾਰੇ ਡੇਰਿਆਂ ਦੇ ਸ਼ਰਧਾਲੂ ਹਨ ਅਤੇ ਜੇਕਰ ਟਕਰਾਅ ਦਾ ਰਸਤਾ ਅਪਣਾਇਆ ਜਾਂਦਾ ਹੈ ਤਾਂ ਇਹ ਸ਼ਰਧਾਲੂ ਇਕ-ਦੂਜੇ ਨਾਲ ਲੜਨ ਲਈ ਅੱਗੇ ਆ ਜਾਂਦੇ ਹਨ। ਇਸ ਕਾਰਨ ਸਥਿਤੀ ਖਰਾਬ ਹੋ ਜਾਂਦੀ ਹੈ ਅਤੇ ਪੰਜਾਬ ਵਿਚ ਚੱਕੇ-ਜਾਮ, ਬੰਦ ਆਰੰਭ ਹੋ ਜਾਂਦੇ ਹਨ। ਅਜਿਹੀ ਸਮੱਸਿਆ ਦਾ ਇਕੋ ਇਕ ਹੱਲ ਹੈ ਕਿ ਸ਼ਾਂਤੀ ਦੀ ਕੀਮਤ ਦੇ ਉਤੇ ਕੋਈ ਅਜਿਹਾ ਕਦਮ ਨਾ ਚੁੱਕਿਆ ਜਾਵੇ, ਜਿਸ ਨਾਲ ਪੰਜਾਬ ਗਲਤ ਦਿਸ਼ਾ ਵੱਲ ਵਧੇ ਅਤੇ ਟਕਰਾਅ ਦੀ ਨੌਬਤ ਆਵੇ। ਸਰਕਾਰਾਂ ਆਪਣੇ ਵੱਲੋਂ ਜੋ ਕਰ ਸਕਦੀਆਂ ਹਨ ਕਰਦੀਆਂ ਹਨ, ਸਿਆਸੀ ਲੋਕ ਆਪਣੀਆਂ ਰੋਟੀਆਂ ਸੇਕਦੇ ਹਨ ਪਰ ਇਸ ਦਾ ਸੇਕ ਸਿੱਧਾ ਆਮ ਲੋਕਾਂ ਨੂੰ ਲੱਗਦਾ ਹੈ, ਜਿਸ ਤੋਂ ਬਚਾਅ ਕਰਨ ਦੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 26



ਮੇਘ ਰਾਜ ਮਿੱਤਰ
+91-98887-87440

? 'ਹਿਪਨੋਟਿਜ਼ਮ' ਨੂੰ ਸੰਖੇਪ ਸ਼ਬਦਾਂ ਵਿੱਚ ਪ੍ਰਭਾਸ਼ਿਤ ਕਰੋ।

* ਹਿਪਨੋਟਿਜ਼ਮ ਇੱਕ ਅਜਿਹਾ ਢੰਗ ਹੈ ਜਿਸ ਨਾਲ ਕਿਸੇ ਵਿਅਕਤੀ ਨੂੰ ਆਪਣੇ ਪ੍ਰਭਾਵ ਅਧੀਨ ਲਿਆ ਕੇ ਨਕਲੀ ਨੀਂਦ ਵਿੱਚ ਲਿਜਾਇਆ ਜਾਂਦਾ ਹੈ।

? ਸਰਕਸ ਵਾਲੇ ਆਦਮੀ ਨੂੰ 24 ਘੰਟਿਆਂ ਲਈ ਧਰਤੀ ਵਿੱਚ ਦੱਬ ਦਿੰਦੇ ਹਨ। ਉਹ ਕਿਵੇਂ ਜਿਉਂਦਾ ਰਹਿੰਦਾ ਹੈ?

* ਜਿਉਂਦੇ ਰਹਿਣ ਲਈ ਆਕਸੀਜਨ ਦੀ ਲੋੜ ਹੁੰਦੀ ਹੈ ਜੋ ਸਾਨੂੰ ਹਵਾ ਵਿਚੋਂ ਮਿਲਦੀ ਹੈ। ਸਰਕਸ ਵਾਲਿਆਂ ਦੇ ਦਬਾਏ ਹੋਏ ਵਿਅਕਤੀ ਨੂੰ ਕਿਸੇ ਨਾ ਕਿਸੇ ਸੁਰਾਖ ਵਿੱਚੋਂ ਹਵਾ ਦੀ ਸਪਲਾਈ ਲਗਾਤਾਰ ਜਾਰੀ ਰਹਿੰਦੀ ਹੈ ਜਿਸ ਦੇ ਸਿੱਟੇ ਵਜੋਂ ਉਹ ਸਾਹ ਲੈਂਦਾ ਰਹਿੰਦਾ ਹੈ। ਜੇ ਉਸਦੇ ਮੂੰਹ ਦੇ ਉੱਪਰ ਟੇਪ ਲਾ ਦਿੱਤੀ ਜਾਵੇ ਤਾਂ ਉਹ ਦਸ ਮਿੰਟ ਵੀ ਜਿਉਂਦਾ ਨਹੀਂ ਰਹਿ ਸਕੇਗਾ।

? ਜਾਦੂਗਰ ਸਮਰਾਟ ਸ਼ੰਕਰ ਨੇ ਇੱਕ 6 ਫੁੱਟੇ ਬੰਦੇ ਦੇ ਕਿੱਲ ਠੋਕ-ਠੋਕ ਕੇ ਉਸਨੂੰ ਕੁਝ ਇੰਚਾਂ ਦਾ ਹੀ ਬਣਾ ਦਿੱਤਾ। ਇੱਕ ਸਟੇਜ ਸ਼ੋ* ਜੋ ਕਿ ਕੋਟਕਪੂਰਾ ਵਿਖੇ ਕੀਤਾ ਗਿਆ। ਉਹ ਇਸ ਤਰ੍ਹਾਂ ਕਿਵੇਂ ਕਰਦਾ ਹੈ। ਕੀ ਇਹ ਚਲਾਕੀ ਹੈ ਜਾਂ ਜਾਦੂ ਹੈ।

* ਜਿਵੇਂ ਅਸੀਂ ਲਗਾਤਾਰ ਪ੍ਰਚਾਰ ਕਰ ਰਹੇ ਹਾਂ ਕਿ ਹਰ ਕਿਸਮ ਦਾ ਜਾਦੂ ਦ੍ਰਿਸ਼ਟੀ-ਭਰਮ ਪੈਦਾ ਕਰਕੇ ਹੀ ਕੀਤਾ ਜਾਂਦਾ ਹੈ। ਲੰਬਾ ਆਦਮੀ ਉਸ ਡੱਬੇ ਵਿੱਚੋਂ ਨਿਕਲ ਜਾਂਦਾ ਹੈ, ਛੋਟਾ ਆਦਮੀ ਖੜ੍ਹਾ ਹੋ ਜਾਂਦਾ ਹੈ। ਇਹੀ ਇਸ ਟ੍ਰਿੱਕ ਦਾ ਰਾਜ ਹੈ।

? ਕਈ ਆਦਮੀ ਦਿਮਾਗੀ ਪ੍ਰੇਸ਼ਾਨੀ ਨਾ ਹੋਣ ਦੇ ਬਾਵਜੂਦ ਜ਼ਿਆਦਾ ਬੋਲਦੇ (ਗੱਲਾਂ ਕਰਦੇ) ਹਨ। ਜੇਕਰ ਇਹ ਉਨ੍ਹਾਂ ਦੀ ਆਦਤ ਹੈ ਤਾਂ ਇਸ ਤੋਂ ਕਿਸ ਤਰ੍ਹਾਂ ਬਚਿਆ ਜਾ ਸਕਦਾ ਹੈ?

* ਗੱਲਬਾਤਾਂ ਕਰਨ ਲਈ ਦੋ ਜਣਿਆਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸ ਲਈ ਜੇ ਉਹਨਾਂ ਨੂੰ ਇਕੱਲਾ ਹੀ ਰਹਿਣ ਦਿੱਤਾ ਜਾਵੇ ਤਾਂ ਉਹਨਾਂ ਦੀ ਗੱਲਾਂ ਕਰਨ ਦੀ ਆਦਤ ਘਟਾਈ ਜਾ ਸਕਦੀ ਹੈ।

? ਮੁਸਾਫਿਰ ਜਹਾਜ਼ ਧਰਤੀ ਤੋਂ ਕਿੰਨੇ ਕਿਲੋਮੀਟਰ ਦੀ ਉਚਾਈ 'ਤੇ ਉੱਡ ਰਿਹਾ ਹੁੰਦਾ ਹੈ।

* ਅੱਜ ਕੱਲ੍ਹ ਦੇ ਆਧੁਨਿਕ ਜਹਾਜ਼ ਆਮ ਤੌਰ 'ਤੇ 40 ਕੁ ਕਿਲੋਮੀਟਰ ਦੀ ਉਚਾਈ 'ਤੇ ਉੱਡ ਰਹੇ ਹੁੰਦੇ ਹਨ।

? ਲੱਸੀ ਪੀ ਕੇ ਸਰੀਰ ਨੂੰ ਸੁਸਤੀ ਕਿਉਂ ਹੁੰਦੀ ਹੈ। ਜਦਕਿ ਚਾਹ ਪੀ ਕੇ ਚੁਸਤੀ।

* ਚਾਹ ਵਿੱਚ ਇੱਕ ਰਸਾਇਣਿਕ ਪਦਾਰਥ ਨਿਕੋਟੀਨ ਹੁੰਦਾ ਹੈ ਜਿਹੜਾ ਹਲਕੇ ਜਿਹੇ ਨਸ਼ੇ ਦਾ ਕੰਮ ਕਰਦਾ ਹੈ। ਲੱਸੀ ਵਿੱਚ ਪ੍ਰੋਟੀਨ ਹੀ ਹੁੰਦੇ ਹਨ।

? ਅਸੀਂ ਇੱਕੋ ਹੀ ਸਮੇਂ ਦੋ ਗੱਲਾਂ ਦਾ ਫ਼ੈਸਲਾ ਕਿਵੇਂ ਲੈਂਦੇ ਹਾਂ।

* ਸਾਡਾ ਦਿਮਾਗ ਇੱਕੋਂ ਸਮੇਂ ਦੋ ਵਿਰੋਧੀ ਗੱਲਾਂ ਨਹੀਂ ਕਰ ਸਕਦਾ, ਪਰ ਜੇ ਇਹ ਗੱਲਾਂ ਦੋਹੇਂ ਇੱਕ ਦੂਜੇ ਵਰਗੀਆਂ ਹੀ ਹੋਣ ਤਾਂ ਸਾਡਾ ਦਿਮਾਗ ਇਹ ਕਰ ਸਕਦਾ ਹੈ।

? ਤਰਕਸ਼ੀਲ ਵਿਅਕਤੀ ਰਾਜਨੀਤੀ ਵਿਚ ਕਿਉਂ ਨਹੀਂ ਆ ਰਹੇ ਹਨ?

*ਇਹ ਠੀਕ ਹੈ ਕਿ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਬਕਾਇਦਾ ਤੌਰ 'ਤੇ ਵੋਟਾਂ ਦੀ ਰਾਜਨੀਤੀ ਵਿਚ ਭਾਗ ਨਹੀਂ ਲੈ ਰਹੇ। ਇਸ ਦਾ ਕਾਰਨ ਹੈ ਕਿ ਮੁੱਢਲੀਆਂ ਹਾਲਤਾਂ ਵਿਚ ਤਰਕਸ਼ੀਲ ਰਾਜਨੀਤੀ ਵਿਚ ਭਾਗ ਲੈਣਗੇ ਤਾਂ ਬਹੁਤ ਸਾਰੀਆਂ ਮੌਜੂਦਾ ਸਿਆਸੀ ਪਾਰਟੀਆਂ ਉਹਨਾਂ ਦੀ ਬਗੈਰ ਕਾਰਨਾਂ ਤੋਂ ਨਿੰਦਿਆਂ ਕਰਨੀ ਸ਼ੁਰੂ ਕਰ ਦੇਣਗੀਆਂ। ਇਸ ਨਾਲ ਲੋਕਾਂ ਦੀਆਂ ਨਜ਼ਰਾਂ ਵਿਚ ਉਹਨਾਂ ਦਾ ਪ੍ਰਭਾਵ ਬੁਰਾ ਪੈ ਜਾਵੇਗਾ। ਪਰ ਜਦੋਂ ਵੀ ਤਰਕਸ਼ੀਲਾਂ ਦਾ ਜਨਤਕ ਆਧਾਰ ਵਿਸ਼ਾਲ ਹੋ ਗਿਆ ਤਾਂ ਉਹ ਜ਼ਰੂਰ ਰਾਜਨੀਤੀ ਵਿਚ ਵੀ ਪੈਣਗੇ। ਇਹ ਸਮਾਂ ਹੀ ਦੱਸੇਗਾ ਕਿ ਉਹ ਵੋਟ ਪ੍ਰਣਾਲੀ ਵਿਚ ਭਾਗ ਲੈਣਗੇ ਜਾਂ ਨਹੀਂ।

? ਤਰਕਸ਼ੀਲ ਪਾਖੰਡੀ ਸਾਧਾਂ ਨੂੰ ਸਿੱਧਾ ਜਾ ਕੇ ਕਿਉਂ ਨਹੀਂ ਫੜਦੇ। ਚੈਲਿੰਜ ਕਰਨ ਤੇ ਹੀ ਕਿਉਂ ਫੜਦੇ ਹਨ?

* ਸਾਧਾਂ ਨੂੰ ਫੜਨ ਦੀ ਬਜਾਇ ਤਰਕਸ਼ੀਲ ਲੋਕਾਂ ਨੂੰ ਚੇਤਨ ਕਰਕੇ ਉਹਨਾਂ ਦੁਆਰਾ ਹੀ ਸਾਧਾਂ ਦੇ ਬਿਸਤਰੇ ਗੋਲ ਕਰਵਾਉਣੇ ਚਾਹੁੰਦੇ ਹਨ। ਸਾਧਾਂ ਦੇ ਨਾਲ ਜਿਥੇ ਵੀ ਤਰਕਸ਼ੀਲਾਂ ਦਾ ਵਿਰੋਧ ਹੁੰਦਾ ਹੈ ਉਥੇ ਮੌਕਾਂਪ੍ਰਸਤ ਸਿਆਸੀ ਪਾਰਟੀਆਂ ਅਤੇ ਪ੍ਰਸਾਸ਼ਨ ਸਾਧਾਂ ਦੀ ਹਮਾਇਤ ਤੇ ਆ ਖੜ੍ਹਾ ਹੁੰਦਾ ਹੈ। ਬਰਨਾਲਾ ਜ਼ਿਲ੍ਹੇ ਦੇ ਕਸਬੇ ਤਪੇ ਵਿਚ ਵੀ ਅਜਿਹਾ ਹੀ ਹੋਇਆ ਸੀ। ਜਦੋਂ ਸਾਧ ਤਰਕਸ਼ੀਲਾਂ ਦੀ ਚੁਣੌਤੀ ਨੂੰ ਲਿਖਤੀ ਤੌਰ 'ਤੇ ਕਬੂਲ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਕਾਨੂੰਨੀ ਪੱਖ ਤੋਂ ਜਨਤਕ ਕਚਿਹਰੀ ਵਿਚ ਘੇਰਨਾ ਸੁਖਾਲਾ ਹੋ ਜਾਂਦਾ ਹੈ।

? ਤੁਹਾਡੀ ਸੋਚ ਅਨੁਸਾਰ ਸਾਡੇ ਦੇਸ਼ ਵਿਚ ਬਦਲਾਵ ਕਿਸ ਤਰ੍ਹਾਂ ਆਵੇਗਾ?

* ਅਮੀਰੀ ਤੇ ਗਰੀਬੀ ਵਿਚ ਵਧ ਰਹੇ ਖੱਪੇ ਅਤੇ ਬੇਰੁਜ਼ਗਾਰੀ ਦੇ ਸਤਾਏ ਹੋਏ ਨੌਜਵਾਨਾਂ ਦੇ ਵੱਡੇ ਕਾਫ਼ਲਿਆਂ ਨੇ ਵੱਡਾ ਜਨਤਕ ਵਿਦਰੋਹ ਕਰਨਾ ਹੈ। ਲੋਕਾਂ ਦੇ ਇੰਨੇ ਵੱਡੇ ਇਕੱਠ ਨੇ ਇਹਨਾਂ ਦੀਆਂ ਰਾਜਧਾਨੀਆਂ ਨੂੰ ਇਹਨਾਂ ਸਮੇਤ ਹੀ ਘੇਰਨਾ ਹੈ। ਇਸ ਵਿਦਰੋਹ ਅੱਗੇ ਮੌਕਾਪ੍ਰਸਤ ਸਿਆਸੀ ਪਾਰਟੀਆਂ ਨੇ ਗੋਡੇ ਟੇਕ ਜਾਣੇ ਹਨ।

? ਹੁਣ ਤੱਕ ਕਿੰਨੇ ਲੋਕ ਤਰਕਸ਼ੀਲ ਲਹਿਰ ਨਾਲ ਜੁੜ ਚੁੱਕੇ ਹਨ?

* ਤਰਕਸ਼ੀਲ ਸੁਸਾਇਟੀਆਂ ਦੇ ਸਿੱਧੇ ਮੈਂਬਰਾਂ ਦੀ ਗਿਣਤੀ ਛੇ ਕੁ ਸੌ ਤੋਂ ਵੱਧ ਨਹੀਂ ਹੈ। ਪਰ ਇਹ ਗੱਲ ਵੀ ਹਕੀਕਤ ਹੈ ਕਿ ਪੰਜਾਬ ਦੇ 13500 ਪਿੰਡਾਂ ਵਿਚ ਇਸ ਲਹਿਰ ਦੇ ਲੱਖਾਂ ਸਮਰਥਕ ਮੌਜੂਦ ਹਨ। ਤਰਕਸ਼ੀਲ ਸੁਸਾਇਟੀ (ਰਜਿ.) ਇਨ੍ਹਾਂ ਸਮਰਥਕਾਂ ਨੂੰ ਜਥੇਬੰਦ ਕਰਨ ਲਈ ਯਤਨਸ਼ੀਲ ਹੈ।

? ਤਰਕਸ਼ੀਲ ਸੁਸਾਇਟੀ ਲੋਕਾਂ ਵਿਚ ਤਰਕਸ਼ੀਲ ਸੋਚ ਪੈਦਾ ਕਰਨ ਲਈ ਮੁਫ਼ਤ ਕਿਤਾਬਾਂ ਕਿਉਂ ਨਹੀਂ ਦੇ ਰਹੀ ਹੈ?

* ਤਰਕਸ਼ੀਲਾਂ ਕੋਲ ਫੰਡਾਂ ਦੀ ਘਾਟ ਹੈ। ਨਾ ਤਾਂ ਤਰਕਸ਼ੀਲ ਲੋਕਾਂ ਦੀ ਲੁੱਟ ਖਸੁੱਟ ਕਰਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਅੰਧ ਵਿਸ਼ਵਾਸੀ ਸੋਚ ਦਾ ਫਾਇਦਾ ਉਠਾਉਣ ਵਿਚ ਵਿਸ਼ਵਾਸ਼ ਕਰਦੇ ਹਨ। ਕਿਤਾਬਾਂ ਦੀ ਛਪਾਈ, ਤਿਆਰੀ ਅਤੇ ਮੈਟੀਰੀਅਲ ਤੇ ਖਰਚ ਆਉਂਦਾ ਹੈ। ਇਸ ਲਈ ਕਿਤਾਬਾਂ ਮੁੱਲ ਹੀ ਦੇਣੀਆਂ ਸੰਭਵ ਹਨ। ਪਰ ਇਨ੍ਹਾਂ ਕਿਤਾਬਾਂ ਦੀਆਂ ਕੀਮਤਾਂ ਬਹੁਤ ਘੱਟ ਹੁੰਦੀਆਂ ਹਨ।

? ਸਾਰੀ ਦੁਨੀਆਂ ਤਰਕਸ਼ੀਲ ਕਦੋਂ ਬਣੇਗੀ?

* ਜਦੋਂ ਤਰਕਸ਼ੀਲਾਂ ਦਾ ਪ੍ਰਚਾਰ ਅਤੇ ਪਾਸਾਰ ਐਨਾ ਹੋ ਜਾਵੇਗਾ ਕਿ ਅੰਧ ਵਿਸ਼ਵਾਸੀ ਵਿਅਕਤੀਆਂ ਦੀਆਂ ਗੱਲਾਂ ਬੇ-ਅਰਥ ਹੋ ਜਾਣਗੀਆਂ। ਅੱਜ ਦੇ ਧਰਮ, ਸਾਧ ਸੰਤ, ਆਤਮਾ ਅਤੇ ਪ੍ਰਮਾਤਮਾ ਆਦਿ ਦੀਆਂ ਗੱਲਾਂ ਕਰਨ ਵਾਲੇ ਨਹੀਂ ਹੋਣਗੇ। ਇਸ ਲਈ ਉਸ ਸਮੇਂ ਤਰਕਸ਼ੀਲਾਂ ਅਤੇ ਵਿਗਿਆਨਕਾਂ ਦਾ ਹੀ ਬੋਲ-ਬਾਲਾ ਹੋਵੇਗਾ।

? ਤਰਕਸ਼ੀਲਾਂ ਨੂੰ ਸਮਾਜ ਵੱਲੋਂ ਬਹੁਤਾ ਸਨਮਾਨ ਨਹੀਂ ਮਿਲ ਰਿਹਾ ਕਿਉਂ?

* ਪੰਜਾਬ ਦੇ 90 ਪ੍ਰਤੀਸ਼ਤ ਲੋਕ, ਜਿਸ ਵਿਚ ਅਫਸਰਸ਼ਾਹੀ ਅਤੇ ਸਿਆਸੀ ਨੇਤਾ ਵੀ ਸ਼ਾਮਲ ਹਨ, ਅੰਧਵਿਸ਼ਵਾਸ਼ੀ ਦਾ ਸ਼ਿਕਾਰ ਹਨ। ਇਹ ਸਾਰੇ ਲੋਕ ਤਰਕਸ਼ੀਲਾਂ ਨੂੰ ਘਟੀਆ ਸਮਝਦੇ ਹਨ। ਕਿਉਂਕਿ ਤਰਕਸ਼ੀਲਾਂ ਦੀਆਂ ਸਾਰੀਆਂ ਗਤੀਵਿਧੀਆਂ ਇਨ੍ਹਾਂ ਦੀ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਤਰਕਸ਼ੀਲ ਚਾਹੁੰਦੇ ਹਨ ਕਿ ਇੱਥੋਂ ਦੇ ਲੋਕ ਵਿਗਿਆਨਕ ਸੋਚ ਦੇ ਧਾਰਨੀ ਹੋਣ ਅਤੇ ਸਵੈ ਵਿਸ਼ਵਾਸ ਨਾਲ ਸਮੁੱਚੀ ਦੁਨੀਆਂ ਦੇ ਲੋਕਾਂ ਦੇ ਮੁਕਾਬਲੇ ਵਿਚ ਖੜ੍ਹੇ ਹੋਣ।

# ਮੇਰੀਆਂ ਅਭੁੱਲ ਯਾਦਾਂ ਕਿਸ਼ਤ ਨੰਬਰ- 1



ਫਰੈਡੀ ਜੋਜ਼ਫ

ਇਹ ਗੱਲ ਸ਼ਾਇਦ 55-66 ਦੀ ਹੈ। ਮੈਂ ਡੀ ਆਰ ਜੇ. ਨੈਸ਼ਨਲ ਹਾਈ ਸਕੂਲ ਜਲੰਧਰ ਛਾਉਣੀ ਵਿਚ ਪੰਜਵੀਂ ਜਾਂ ਛੇਵੀਂ ਵਿਚ ਪੜ੍ਹਦਾ ਸੀ। ਇਨ੍ਹਾਂ ਦਿਨਾਂ ਵਿਚ ਸਰਕਾਰੀ ਹੁਕਮ ਆਇਆ ਕਿ ਵੱਧ ਤੋਂ ਵੱਧ ਹਰੀਜਨ ਬੱਚੇ ਸਕੂਲਾਂ ਵਿਚ ਭਰਤੀ ਕੀਤੇ ਜਾਣ। ਇਥ ਖਾਸ ਹੱਦ ਤੱਕ ਹਰੀਜਨ ਬੱਚੇ ਭਰਤੀ ਕਰਨ ਵਾਲੇ ਸਕੂਲਾਂ ਨੂੰ ਸਰਕਾਰ ਨੇ ਕੁਝ ਖਾਸ ਰਿਆਇਤਾਂ ਤੇ ਮਦਦ ਦੇਣ ਦਾ ਐਲਾਨ ਕੀਤਾ। ਪਿੰਡ ਸੰਸਾਰਪੁਰ ਦੇ ਅਸੀਂ 10-12 ਈਸਾਈ ਬੱਚੇ ਪਿੰਡ ਸੰਸਾਰਪੁਰ ਦੇ ਮਿਸ਼ਨ ਸਕੂਲ ਵਿਚ ਚੌਥੀ ਪਾਸ ਕਰਨ ਪਿੱਛੋਂ ਇਸ ਸਕੂਲ ਵਿਚ ਆ ਗਏ ਸੀ। ਮੈਨੂੰ ਇਕ ਦਿਨ ਸਾਡੀ ਕਲਾਸ ਦੇ ਇੰਚਾਰਜ ਮਾਸਟਰ ਹਰੀ ਰਾਮ ਨੇ ਬੁਲਾਇਆ ਤੇ ਕੁਝ ਕਾਗਜ਼ ਮੈਨੂੰ ਫੜਾਉਂਦਿਆਂ ਕਿਹਾ- ਤੁਹਾਡੀ ਸਾਰਿਆਂ ਦੀ ਫੀਸ ਮਾਫ ਕਰਨ ਲੱਗੇ ਹਾਂ। ਇਹ ਫਾਰਮ ਸਾਰੇ ਆਪਣੇ ਮੁੰਡਿਆਂ ਤੋਂਭਰਵਾ ਕੇ ਮੈਨੂੰ ਦੇ। ਮੈਨੂੰ ਬੜੀ ਖੁਸ਼ੀ ਹੋਈ। ਜਦ ਛੁੱਟੀ ਵੇਲੇ ਉਹ ਫਾਰਮ ਅਸੀਂ ਈਸਾਈ ਮੁੰਡਿਆਂ ਨੇ ਪੜ੍ਹਿਆ ਤਾਂ ਉਸ ਵਿਚ ਹਰੀਜਨ ਸ਼ਬਦ ਵਰਤਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਦਲਿਤਾਂ ਨੂੰ ਹਰੀਜਨ ਹੀ ਕਹਿੰਦੇ ਸੀ। ਸਾਨੂੰ ਸਾਰੇ ਈਸਾਈ ਮੁੰਡਿਆਂ ਨੂੰ ਬੜੀ ਹੈਰਾਨੀ ਹੋਈ। ਮੈਨੂੰ ਕਿਉਂਕਿ ਈਸਾਈ ਮੁੰਡਿਆਂ ਦਾ ਲੀਡਰ ਸਮਝਿਆ ਜਾਂਦਾ ਸੀ। ਮੈਂ ਉਹ ਸਾਰੇ ਫਾਰਮ ਮਾਸਟਰ ਜੀ ਨੂੰ ਮੋੜਦਿਆਂ ਕਿਹਾ ਕਿ ਮਾਸਟਰ ਜੀ ਇਹ ਫਾਰਮ ਤਾਂ ਹਰੀਜਨਾਂ ਲਈ ਹਨ- ਅਸੀਂ 'ਇਸਾਈ' ਹਾਂ। ਉਹ ਕਹਿਣ ਲੱਗੇ ਹਰੀਜਨ ਤੇ ਇਸਾਈ ਵਿਚ ਕੋਈ ਫਰਕ ਨਹੀਂ ਹੁੰਦਾ। ਤੁਸੀਂ ਫਾਰਮ ਭਰੋ। ਮਾਸਟਰ ਹਰੀ ਰਾਮ ਬੜੇ ਕੱਬੇ ਸਨ ਪਰ ਮੈਂ ਜਿਗਰਾ ਕਰਕੇ ਆਖ ਦਿੱਤਾ। ਮਾਸਟਰ ਜੀ ਫਰਕ ਹੋਣਾ ਹੀ ਹੈ ਤਾਂ ਸਾਡੇ ਮਾਪਿਆਂ ਨੇ ਈਸਾਈ ਧਰਮ ਧਾਰਨ ਕੀਤਾ ਹੈ। ਉਸਨੇ ਗੁੱਸੇ ਨਾਲ ਕਿਹਾ- ਕੋਈ ਫਰਕ ਨਹੀਂ ਹੁੰਦਾ- ਭਰੋ ਫਾਰਮ। ਪਰ ਮੈਂ ਉਹਨਾਂ ਹੱਥੋਂ ਫਾਰਮ ਨਹੀਂ ਫੜੇ ਤੇ ਡਰਦਾ ਡਰਦਾ ਪਰ ਗੁੱਸੇ ਨਾਲ ਮੈਂ ਕਲਾਸ ਵਿਚ ਆ ਗਿਆ।

ਮਾਸਟਰ ਹਰੀ ਰਾਮ ਜਿਸ ਮੁਹੱਲੇ ਵਿਚ ਰਹਿੰਦੇ ਸਨ, ਉਥੇ ਹੀ ਸਾਡੇ ਪਾਦਰੀ ਸਾਹਿਬ ਕਿਰਾਏ ਤੇ ਰਹਿੰਦੇ ਸਨ। ਹਰੀ ਰਾਮ ਅਤੇ ਉਹਨਾਂ ਦਾ ਘਰ ਇਕ ਦੂਜੇ ਦੇ ਸਾਹਮਣੇ ਸਨ। ਉਹ ਅਮਰੀਕਨ ਪ੍ਰੈਸਬਟੀਰੇਅਨ ਮਿਸ਼ਨ ਦੇ ਪਾਦਰੀ ਸਨ ਤੇ ਕੈਂਟ ਸਰਕਲ ਚਰਚ ਦੇ ਇੰਚਾਰਜ ਸਨ। ਸਾਡਾ ਪਿੰਡ ਕੈਂਟ ਸਰਕਲ ਵਿਚ ਹੀ ਆਉਂਦਾ ਸੀ। ਉਨ੍ਹਾਂ ਦਿਨਾਂ ਵਿਚ ਪਾਦਰੀਆਂ ਦਾ ਮਸੀਹੀ ਸਮਾਜ ਤੇ ਬਹੁਤ ਪ੍ਰਭਾਵ ਹੁੰਦਾ ਸੀ ਤੇ ਪਾਦਰੀ ਦੀ ਹਰ ਗੱਲ ਨੂੰ ਲੋਕ ਖੁਦਾ ਦਾ ਪੈਗਾਮ ਸਮਝਦੇ ਸਨ। (ਵੈਸੇ ਤਾਂ ਅੱਜ ਵੀ ਪਾਦਰੀ ਸਾਹਿਬਾਨ ਦਾ ਮਸੀਹੀ ਸਮਾਜ ਉਤੇ ਇੰਨਾ ਦਰਦਬਾ ਹੈ ਕਿ ਕਈ ਪਾਦਰੀਆਂ ਤੇ ਬਿਸ਼ਪਾਂ ਨੇ ਚਰਚ ਵੇਚ ਦਿੱਤੇ, ਕਬਰਿਸਤਾਨ ਵੇਚ ਦਿੱਤੇ। ਅੰਤਰ ਰਾਸ਼ਟਰੀ ਪੱਧਰ ਦੇ ਮਸੀਹੀ ਅਦਾਰੇ ਤਬਾਹ ਕਰ ਦਿੱਤੇ। ਗੱਲ ਕੀ ਜਿੱਥੇ ਵੀ ਉਨ੍ਹਾਂ ਨੇ ਪੈਰ ਧਰਿਆ ਉਥੇ ਫਨਾਹ ਫਿੱਲਾ ਹੋ ਗਿਆ ਪਰ ਅੱਜ ਵੀ ਜਦ ਉਹ ਚਰਚ ਵਿਚ ਉਪਦੇਸ਼ ਦਿੰਦੇ ਹਨ ਤਾਂ ਵੱਡੇ ਵੱਡੇ ਆਕਲ ਇੰਨੀ ਖਾਮੋਸ਼ੀ ਧਾਰਨ ਕਰ ਲੈਂਦੇ ਹਨ ਕਿ ਇਕ ਸੂਈ ਵੀ ਡਿੱਗੇ ਤਾਂ ਉਸ ਦਾ ਖੜਾਕ ਹੁੰਦਾ ਹੈ। ਮਾਸਟਰ ਹਰੀ ਰਾਮ ਨੇ ਪਾਦਰੀ ਸਾਹਿਬ ਨੂੰ ਜਾ ਕੇ ਮੇਰੇ ਬਾਰੇ ਦੱਸਿਆ ਕਿ ਉਹ ਮੁੰਡਾ ਬੜਾ ਸ਼ਰਾਰਤੀ ਹੈ, ਉਹ ਈਸਾਈ ਮੁੰਡਿਆਂ ਨੂੰ ਫਾਰਮ ਨਹੀਂ ਭਰਨ ਦਿੰਦਾ। ਪਾਦਰੀ ਸਾਹਿਬ ਨੇ ਮਾਸਟਰ ਜੀ ਨੂੰ ਕਿਹਾ ਕਿ ਉਸ ਮੁੰਡੇ ਨੂੰ ਕਹਿਣਾ ਪਾਦਰੀ ਸਾਹਿਬ ਨੇ ਕਿਹਾ ਹੈ ਕਿ ਸਾਰੇ ਈਸਾਈ ਮੁੰਡੇ ਫਾਰਮ ਭਰਨ। ਮਾਸਟਰ ਹਰੀ ਰਾਮ ਨੇ ਜਦ ਮੈਨੂੰ ਅਤੇ ਬਾਕੀ ਈਸਾਈ ਮੁੰਡਿਆਂ ਨੂੰ ਬੁਲਾ ਕੇ ਇਹ ਗੱਲ ਕਹੀ ਤਾਂ ਮੇਰਾ ਦਿਮਾਗ ਚਕਰਾ ਗਿਆ- ਮੈਂਕਦੀ ਵੀ ਸੋਚ ਨਹੀਂ ਸੀ ਸਕਦਾ ਕਿ ਪਾਦਰੀ ਸਾਹਿਬ ਇਹ ਗੱਲ ਆਖ ਸਕਦੇ ਹਨ। ਮੈਨੂੰ ਡੌਰ ਭਉਰਾ ਹੋਇਆ ਵੇਖਕੇ ਮਾਸਟਰ ਜੀ ਨੇ ਮੈਨੂੰ ਦਬਕਾ ਮਾਰਿਆ ਤੇ ਮੇਜ਼ ਤੇ ਪਏ ਫਾਰਮਾਂ ਵੱਲ ਉਂਗਲ ਕਰਦਿਆਂ ਕਿਹਾ ਕਿ ਇਹ ਫਾਰਮ ਚੁੱਕ ਤੇ ਫਟਾਫਟ ਭਰਾ ਕੇ ਦੇ। ਮੈਂ ਥੋੜ੍ਹਾ ਹੌਸਲਾ ਕਰਕੇ ਕਿਹਾ- ਮਾਸਟਰ ਜੀ ਅਸੀਂ ਫਾਰਮ ਨਹੀਂ ਭਰਨੇ। ਅਗਲੇ ਦਿਨ ਮਾਸਟਰ ਹਰੀ ਰਾਮ ਨੇ ਮੈਨੂੰ ਕਿਹਾ- ਪਾਦਰੀ ਸਾਹਿਬ ਨੇ ਕਿਹਾ ਹੈ ਕਿ ਅੱਜ ਛੁੱਟੀ ਤੋਂ ਬਾਅਦ ਸਾਰੇ ਈਸਾਈ ਬੱਚੇ ਉਨ੍ਹਾਂ ਦੇ ਘਰ ਆਉਣ। ਅਸੀਂ ਸਾਰੇ ਬੱਚੇ ਬਸਤੇ ਚੁੱਕੀ ਪਾਦਰੀ ਸਾਹਿਬ ਦੇ ਘਰ ਚਲੇ ਗਏ। ਪਾਦਰੀ ਸਾਹਿਬ ਬਹੁਤ ਹੈਂਡਸਮ ਸਨ। ਮੋਮਨ ਸੂਰਤ ਸਨ। ਉਨ੍ਹਾਂ ਦੇ ਮੂੰਹ ਤੋਂ ਫੁੱਲ ਕਿਰਦੇ ਸਨ। ਉਨ੍ਹਾਂ ਨੇ ਗੁੱਸੇ ਅਤੇ ਪਿਆਰ ਦੇ ਮਿਲਵੇਂ ਰੰਗ ਵਿਚ ਮੈਨੂੰ ਦਬਕਾ ਮਾਰਦਿਆਂ ਕਿਹਾ- ਤੂੰ ਮੁੰਡਿਆਂ ਨੂੰ ਫਾਰਮ ਕਿਉਂ ਨਹੀਂ ਭਰਨ ਦਿੰਦਾ। ਤੂੰ ਆਪਣੀ ਜ਼ਿੰਦਗੀ ਖਰਾਬ ਕਰਨੀ ਹੈ ਤੇ ਇਨ੍ਹਾਂ ਦਾ ਵੀ। ਦੂਜਾ ਦਬਕਾ ਉਸਨੇ ਬਾਕੀ ਮੁੰਡਿਆਂ ਨੂੰ ਮਾਰਿਆ- ਫਰੈਡੀ ਫਾਰਮ ਭਰੇ ਜਾਂ ਨਾ ਭਰੇ ਤੁਸੀਂ ਸਾਰੇ ਫਾਰਮ ਭਰੋ। ਸਾਰੇ ਬੱਚਿਆਂ ਨੂੰ ਜਿਵੇਂ ਸੱਪ ਸੁੰਘ ਗਿਆ। ਉਨ੍ਹਾਂ ਤੇ ਸਹਿਮ ਛਾ ਗਿਆ- ਕਿਸੇ ਦੇ ਮੂੰਹੋਂ ਕੋਈ ਸ਼ਬਦ ਨਹੀਂ ਨਿਕਲਿਆ। ਦੋ ਕੁ ਮਿੰਟ ਦੀ ਚੁੱਪ ਤੋਂ ਬਾਅਦ ਫਿਰ ਸਾਰਿਆਂ ਨੂੰ ਦਬਕਾ ਮਾਰਿਆ- ਚਲੋ ਦੌੜ ਜਾਓ ਸਾਰੇ ਫਾਰਮ ਭਰੋ। ਅਸੀਂ ਸਾਰੇ ਸਹਿਮੇ ਹੋਏ ਉਥੋਂ ਤੁਰ ਪਏ। ਕਿਸੇ ਦੇ ਮੂੰਹੋਂ ਕੋਈ ਗੱਲ ਨਹੀਂ ਸੀ ਨਿਕਲਦੀ। ਜਲੰਧਰ ਛਾਉਣੀ ਅਤੇ ਸੰਸਾਰਪੁਰ ਦੇ ਰਾਹ ਵਿਚ ਐਮ. ਈ. ਐਸ. ਦਾ ਦਫਤਰ ਸੀ ਜੋ ਛਾਉਣੀ ਤੋਂ ਕੁਝ ਬਾਹਰ ਹੈ ਉਥੇ ਆ ਕੇ ਮੈਂ ਆਖਿਰ ਚੁੱਪ ਤੋੜੀ- ਮੈਂ ਕਿਹਾ ਮੈਂ ਨਾ ਹਰੀਜਨ ਲਿਖਵਾਉਣਾ ਹੈ- ਨਾ ਮੈਂ ਪੜ੍ਹਨਾ ਹੈ। ਤੁਸੀਂ ਹਰੀਜਨ ਲਿਖਾਉਣਾ ਹੈ ਤਾਂ ਲਿਖਵਾ ਦਿਓ। ਕੋਈ ਬੱਚਾ ਨਹੀਂ ਬੋਲਿਆ- ਪਿੰਡ ਆ ਕੇ ਸਾਰੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਘਰ ਆ ਕੇ ਮੈਂ ਬਹੁਤ ਰੋਇਆ। ਅਗਲੇ ਦਿਨ ਮੈਂ ਕਿਤਾਬਾਂ ਕਾਪੀਆਂ ਰੱਦੀ ਵਿਚ ਵੇਚ ਦਿੱਤੀਆਂ

(ਬਾਕੀ ਸਫਾ 20 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅੰਬੇਡਕਰ ਭਵਨ ਜਲੰਧਰ ਵਿਚ ਬੁੱਧ ਪ੍ਰਤਿਮਾ ਸਥਾਪਤ

## ਵਿਸ਼ਾਲ ਬੁੱਧ ਸੰਮੇਲਨ ਆਯੋਜਿਤ ਕੀਤਾ ਗਿਆ









**ਜਲੰਧਰ (ਬਿਊਰੋ)–** ਸਾਡਾ ਯਤਨ ਮਾਨਵ ਦੇ ਦਿਲ ਵਿਚ ਕਰੁਣਾ ਅਤੇ ਮੈਤਰੀ ਦੀ ਭਾਵਨਾ ਨੂੰ ਦ੍ਰਿੜ੍ਹ ਬਣਾਉਂਦੇ ਹੋਏ ਪੂਰੀ ਦੁਨੀਆਂ ਨੂੰ ਨੈਤਿਕਤਾ ਤੇ ਆਧਾਰਿਤ ਬੁੱਧ ਧੰਮ ਨੂੰ ਅੱਗੇ ਵਧਾਉਣਾ ਹੈ, ਜਿਸ ਵਿਚ ਅੰਧ ਵਿਸ਼ਵਾਬਾਂ ਅਤੇ ਵਿਅਰਥ ਦੇ ਕਰਮ-ਕਾਂਡਾਂ ਦਾ ਕੋਈ ਸਥਾਨ ਨਹੀਂ ਹੈ। ਇਹ ਸ਼ਬਦ ਵਿਸ਼ਵ ਪ੍ਰਸਿੱਧ ਭਿਕਸ਼ੂ ਭਦੰਤ ਡਾ. ਰਾਹੁਲ ਬੋਧੀ ਨੇ ਅੰਬੇਡਕਰ ਭਵਨ ਜਲੰਧਰ ਦੇ ਪ੍ਰਾਂਗਣ ਵਿਚ ਗੌਤਮ ਬੁੱਧ ਦੀ ਪ੍ਰਤਿਮਾ ਦੇ ਅਨ-ਾਵਰਣ ਦੇ ਸ਼ੁਭ ਮੌਕੇ ਤੇ ਭਾਰੀ ਗਿਣਤੀ ਵਿਚ ਹਾਜ਼ਰ ਬੌਧ ਉਪਾਸਕਾਂ ਨੂੰ ਕਹੇ। ਜਲੰਧਰ ਵਿਚ ਇਸ ਤਰ੍ਹਾਂ ਦਾ ਬੁੱਧ ਸੰਮੇਲਨ ਸਦੀਆਂ ਬਾਅਦ ਆਯੋਜਿਤ ਕੀਤਾ ਗਿਆ ਹੈ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਬੁੱਧ ਵਿਹਾਰਾਂ ਤੋਂ ਸੈਂਕੜੇ ਉਪਾਸਕ ਹਾਜ਼ਰ ਹੋਏ।

ਭਿਖਸ਼ੂਆਂ ਅਤੇ ਉਪਾਸਕਾਂ ਦਾ ਸਵਾਗਤ ਕਰਦੇ ਹੋਏ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਡਾ. ਜੀ. ਸੀ. ਕੌਲ ਨੇ ਬਾਬਾ ਸਾਹਿਬ ਅੰਬੇਡਕਰ ਦੁਆਰਾ 14 ਅਕਤੂਬਰ 1956 ਨੂੰ ਨਾਗਪੁਰ ਵਿਚ ਬੁੱਧ ਧੰਮ ਵਿਚ ਦੀਕਸ਼ਿਤ ਹੋਣ ਅਤੇ 1951 ਵਿਚ ਜਲੰਧਰ ਵਿਚ ਭਵਨ ਦੇ ਸਥਾਨ ਤੇ ਹੀ ਵਿਸ਼ਾਲ ਜਨ ਸਮੂਹ ਨੂੰ ਸੰਬੋਧਿਤ ਕਰਦੇ ਹੋਏ ਇਤਿਹਾਸਕ ਪ੍ਰਸੰਗ ਯਾਦ ਕਰਵਾਇਆ।

ਇਸ ਬੁੱਧ ਸੰਮੇਲਨ ਵਿਚ ਮੁੱਖ ਮਹਿਮਾਨ ਡਾ. ਰਾਹੁਲ ਤੋਂ ਇਲਾਵਾ ਭਿਖਸ਼ੂ ਪ੍ਰਗਿਆ ਬਧੀ, ਭਿਖਸ਼ੂ ਜਗਤਾਨੰਦ, ਭਿਖਸ਼ੂ ਚੰਦਰਕੀਰਤੀ, ਲਾਹੌਰੀ ਰਾਮ ਬਾਲੀ, ਡਾ. ਸੁਰਿੰਦਰ ਅਜਨਾਤ, ਡਾ. ਰਾਮ ਲਾਲ ਜੱਸੀ ਤੇ ਆਰ. ਸੀ. ਸੰਗਰ ਨੇ ਵੀ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਅੱਜ ਦੇ ਵਿਗਿਆਨਕ ਯੁੱਗ ਵਿਚ, ਮਨੁੱਖਾਂ ਵਿਚ ਤਰਕਸ਼ੀਲਤਾ ਨੂੰ ਬੜਾਵਾ ਦੇਣ, ਨਾਰੀ ਜਾਤੀ ਦੀ ਸਵਤੰਤਰਤਾ ਅਤੇ ਵਿਵਹਾਰਿਕ ਪੱਧਰ ਤੇ ਸਮਾਨਤਾ ਤੇ ਬਲ ਦੇਣ ਵਾਲੇ ਬੁੱਧ ਧੰਮ ਦੀ ਸਾਰਥਕਤਾ ਵੱਲ ਧਿਆਨ ਦੇਣ 'ਤੇ ਜ਼ੋਰ ਦਿੱਤਾ।

ਪ੍ਰਸਿੱਧ ਗਾਇਕ ਜਗਤਾਰ ਵਰਿਆਣਵੀ ਨੇ ਮਿਸ਼ਨਰੀ ਗੀਤਾਂ ਦੁਆਰਾ ਵਾਤਾਵਰਣ ਨੂੰ ਬੁੱਧਮਈ ਬਣਾਉਣ ਦਾ ਭਰਪੂਰ ਜ਼ੋਰ ਦਿੱਤਾ, ਇਸ ਅਵਸਰ ਤੇ ਸਰਵਸ਼੍ਰੀ ਕੇ. ਸੀ. ਸੁਲੇਖ, ਰਮੇਸ਼ ਚੰਦਰ (ਆਈ. ਐਫ. ਸੀ.), ਸੋਹਣ ਲਾਲ, ਬਲਦੇਵ ਭਾਰਦਵਾਜ, ਚਰਨਦਾਸ ਸੰਧੂ, ਮਹਿੰਦਰ ਕੌਰ ਰੱਤੂ, ਦਰਬਨ ਬੋਧ, ਜਸਵਿੰਦਰ ਵਰਿਆਣਾ, ਹਰਭਜਨ, ਐਡਵੋਕੇਟ ਐਸ. ਐਲ. ਵਿਰਦੀ, ਗੁਰਬਚਨ ਲਾਲ ਬਲਾਚੌਰ, ਹਰਭਜਨ ਸਾਂਪਲਾ, ਰਾਜੂ ਸੋਨੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸੰਮੇਲਨ ਦੇ ਅੰਤ ਵਿਚ ਡਾ. ਤਰਸੇਮ ਸਾਗਰ ਨੇ ਹਾਜ਼ਰ ਭਿਖਸ਼ੂਆਂ, ਉਪਾਸਕਾਂ, ਅੰਬੇਡਕਰ ਪ੍ਰੇਮੀਆਂ ਅਤੇ ਵਿਸ਼ੇਸ਼ ਤੌਰ ਤੇ ਸੰਤ ਸੁਰਿੰਦਰ ਨਾਥ ਜੀ ਦਾ ਧੰਨਵਾਦ ਪ੍ਰਗਟ ਕੀਤਾ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਪੈਰੀਆਰ ਰਾਮਾਸਵਾਮੀ ਦੀ 137ਵੀਂ ਜਨਮ ਸ਼ਤਾਬਦੀ ਮਨਾਈ

















**ਫਰਿਜ਼ਨੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜਨੋ (ਕੈਲੇਫੋਰਨੀਆ) ਵੱਲੋਂ ਪੈਰੀਆਰ ਈ. ਵੀ. ਰਾਮਾਸਵਾਮੀ ਦੀ 137ਵੀਂ ਜਨਮ ਸ਼ਤਾਬਦੀ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਬੀਤੀ 11 ਅਕਤੂਬਰ ਨੂੰ ਮਨਾਈ ਗਈ। ਸਾਰੇ ਬੁਲਾਰਿਆਂ ਨੇ ਸ੍ਰੀ ਪੈਰੀਆਰ ਦੇ ਜੀਵਨ ਅਤੇ ਉਹਨਾਂ ਦੇ ਮਿਸ਼ਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਬੁਲਾਰਿਆਂ ਨੇ ਸੰਗਤ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਸ੍ਰੀ ਪੈਰੀਆਰ ਅਤੇ ਜਯੋਤੀਬਾ ਫੂਲੇ, ਪੈਰੀਅਰ ਰਾਮਾਸਵਾਮੀ, ਡਾ. ਅੰਬੇਦਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਕੌਮ ਦੇ ਸਿਰਤਾਜ ਲੀਡਰ ਹੋਏ ਹਨ, ਜਿਹਨਾਂ ਨੇ ਕੌਮ ਦੇ ਲਈ ਸੰਘਰਸ਼ ਕੀਤਾ ਅਤੇ ਸਾਨੂੰ ਅੱਜ ਦਾ ਮਾਹੌਲ ਮਿਲਿਆ। ਉਹਨਾਂ ਕਿਹਾ ਕਿ ਸਾਨੂੰ ਹਮੇਸ਼ਾ ਇਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ।

# ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਕਾਨੂੰਨ ਬਣਾਉਣ ਦੀ ਸ਼ਲਾਘਾ

**ਨਿਊਯਾਰਕ (ਬਿਊਰੋ)–** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਕਾਨੂੰਨ ਬਣਾ ਕੇ ਸਰਕਾਰ ਨੇ ਚੰਗਾ ਕੰਮ ਕੀਤਾ ਜਿਸਨੂੰ ਸ਼ਖ਼ਤੀ ਨਾਲ ਲਾਗੂ ਕਰਨ ਦੀ ਜਲਦ ਲੋੜ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੇ ਪ੍ਰੈਸ ਨੋਟ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਬਰਗਾੜੀ ਕਾਂਡ ਦੇ ਅਸਲੀ ਦੋਸ਼ੀ ਅਜੇ ਵੀ ਪੁਲਿਸ ਦੀ ਗ੍ਰਿਫਤ ਤੋਂ ਦੂਰ ਹਨ, ਭਾਵੇਂ ਬਰਗਾੜੀ ਕਾਂਡ ਦਾ ਮਾਮਲਾ ਸੀ.ਬੀ.ਆਈ. ਨੂੰ ਜਾਂਚ ਲਈ ਸੌਂਪ ਦਿੱਤਾ ਗਿਆ ਹੈ, ਜਿਸਨੂੰ ਜਲਦੀ ਤੋਂ ਜਲਦੀ ਇਸ ਕੇਸ ਦੀ ਤਹਿ ਤੱਕ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਾਂਤਮਈ ਮਾਹੌਲ ਵਿਚ ਰੋਸ ਪ੍ਰਦਰਸ਼ਨ ਕਰ ਰਹੀ ਸੰਗਤਾਂ ਉਪਰ ਜਿੰਨ੍ਹਾਂ ਪੁਲਿਸ ਮੁਲਾਜ਼ਮਾਂ ਨੇ ਗੋਲੀ ਚਲਾਈ, ਉਨ੍ਹਾਂ ਖਿਲਾਫ਼ ਜਲਦ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਖਿਲਾਫ਼ ਪਰਚੇ ਦਰਜ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ 10 ਨਵੰਬਰ ਨੂੰ ਹੋਇਆ ਸਰਬੱਤ ਖਾਲਸਾ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਹੋਏ ਵਿਆਪਕ ਰੋਸ ਦਾ ਪ੍ਰਗਟਾਵਾ ਸੀ ਪਰ ਪੰਜਾਬ ਪੁਲਿਸ ਵੱਲੋਂ ਇਸ ਵਿਚ ਸ਼ਾਮਿਲ ਹੋਏ ਵਿਅਕਤੀਆਂ ਵਿਰੁੱਧ ਵਿਦਰੋਹ ਤੇ ਅਮਨ ਭੰਗ ਹੋਣ ਸਮੇਤ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ ਜੋ ਸਰਾਸਰ ਧੱਕਾ ਤੇ ਅਨਿਆਂ ਹੈ। ਉਨ੍ਹਾਂ ਕਿਹਾ ਕਿ ਅਮਨਪੂਰਵਕ ਪ੍ਰਦਰਸ਼ਨ ਤੇ ਰੈਲੀਆਂ



ਵਿਚ ਸ਼ਾਮਿਲ ਹੋਏ ਵਿਅਕਤੀਆਂ ਖਿਲਾਫ ਇਸ ਕਿਸਮ ਦੇ ਕੇਸ ਦਰਜ ਕੀਤੇ ਜਾਣ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਜਾਬ ਪੁਲਿਸ ਦੀ ਇਹ ਕਾਰਵਾਈ ਨਾ-ਸਵਿਕਾਰਨਯੋਗ ਹੈ। ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਵਿਚ ਹਿੱਸਾ ਲੈਣ ਵਾਲੇ ਵਿਅਕਤੀਆਂ ਦੇ ਘਰਾਂ ਉਪਰ ਛਾਪੇ ਮਾਰੇ ਜਾ ਰਹੇ ਹਨ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਜ਼ੋਰ ਦਿੱਤਾ ਹੈ ਕਿ ਜੇਕਰ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ 'ਤੇ ਮਾਣ ਕਰਦਾ ਹੈ ਤਾਂ ਉਹ ਸ਼ਹਿਰੀਆਂ ਦੇ ਬੁਨਿਆਦੀ ਅਧਿਕਾਰਾਂ ਦਾ ਅਪਮਾਨ ਨਹੀਂ ਕਰ ਸਕਦਾ।

# ਵਰ੍ਹੇਗੰਢ ਮੁਬਾਰਕ



ਅਮਰੀਕ ਪੰਡਵਾ ਤੇ ਸਰਬਜੀਤ ਕੌਰ ਵਾਸੀ ਪੰਡਵਾ ਤਹਿਸੀਲ ਫਗਵਾੜਾ ਨੂੰ ਵਿਆਹ ਦੀ 18 ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

# ਦੇਸ਼ ਭਗਤ ਯਾਦਗਾਰ ਹਾਲ ਦੇ ਕੰਪਲੈਕਸ 'ਚ ਰਖਿਆ ਗਿਆ ਬਾਬਾ ਭਗਤ ਸਿੰਘ ਬਿਲਗਾ ਕਿਤਾਰ ਘਰ ਦਾ ਨੀਂਹ ਪੱਥਰ

**ਜਲੰਧਰ (ਬਿਊਰੋ)–** ਇਥੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਕਾ. ਦਰਬਾਰਾ ਸਿੰਘ ਢਿੱਲੋਂ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਦੱਸਿਆ ਕਿ ਬੋਰਡ ਆਫ ਟਰੱਸਟ ਦੇ ਫੈਸਲੇ ਅਨੁਸਾਰ ਕਮੇਟੀ ਦੀ ਅਗਵਾਈ ਹੇਠ ਇਕ 'ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ' ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਸਦਾ ਨੀਂਹ ਪੱਥਰ ਅੱਜ ਇਥੇ ਕਮੇਟੀ ਦੇ ਪ੍ਰਧਾਨ ਕਾ. ਦਰਬਾਰਾ ਸਿੰਘ ਢਿੱਲੋਂ, ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਮ ਦੇ ਪ੍ਰਧਾਨ ਕੁਲ-ਬੀਰ ਸਿੰਘ ਸੰਘੇੜਾ ਤੇ ਜਨਰਲ ਸਕੱਤਰ ਸਰਵਣ ਸਿੰਘ ਸੰਘਵਾਲ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਪ੍ਰਧਾਨ ਕਾਮਰੇਡ ਅਵਤਾਰ ਸਿੰਘ ਜੌਹਲ ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਉੱਘੇ ਕਾਰਕੁੰਨ ਤਾਰੀ ਅਟਵਾਲ ਅਤੇ ਨੇ ਸਾਂਝੇ ਤੌਰ 'ਤੇ ਰੱਖਿਆ।





ਉਨ੍ਹਾਂ ਕਿਹਾ ਕਿ ਬਾਬਾ ਬਿਲਗਾ ਜੀ ਦੀ ਦਿਲੀ ਖਾਹਿਸ਼ ਸੀ ਕਿ ਦੇਸ਼ ਭਗਤ ਯਾਦਗਾਰ ਹਾਲ ਵਿਚ ਕਿਤਾਬ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਇਕ ਕਿਤਾਬ ਘਰ ਜ਼ਰੂਰ ਬਣਨਾ ਚਾਹੀਦਾ ਹੈ। ਜਿਸ ਵਿਚ ਨੌਜੁਆਨਾਂ ਨੂੰ ਚੰਗੀਆਂ ਕਿਤਾਬਾਂ ਪੜ੍ਹਣ ਲਈ ਮਿਲ ਸਕਣ। ਨੌਜੁਆਨ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਜਾਣੂੰ ਹੋਣਗੇ ਅਤੇ ਅਗਾਂਹਵਧੂ, ਸਾਹਿਤਕ ਅਤੇ ਵਿਗਿਆਨਕ ਕਿਤਾਬਾਂ ਲੈ ਕੇ ਪੜ੍ਹ ਸਕਣਗੇ। ਸੋ ਬਾਬਾ ਜੀ ਦੀ ਇਸ ਖਾਹਸ਼ ਕਰਦਿਆਂ ਅਜੋਕੇ ਸਮੇਂ 'ਚ ਨੌਜੁਆਨ ਪੀੜ੍ਹੀ ਨੂੰ ਗ਼ਦਰ ਲਹਿਰ ਦੇ ਵਿਰਸੇ ਨਾਲ ਜੋੜਣ ਅਤੇ ਉਨ੍ਹਾਂ ਨੂੰ ਵਿਗਿਆਨਕ ਸੋਚ ਨਾਲ ਲੈਸ ਕਰਨ ਲਈ ਕਮੇਟੀ ਨੇ ਇਹ ਉੱਦਮ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਪਰਿਵਾਰ ਵੱਲੋਂ ਕਿਤਾਬ ਘਰ ਲਈ ਤਿੰਨ ਲੱਖ ਰੁਪਏ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇੰਗਲੈਂਡ ਦੇ ਸਾਥੀਆਂ ਨੇ 21 ਲੱਖ 31 ਹਜ਼ਾਰ 140 ਰੁਪਏ ਦੀ ਮੁਕੰਮਲ ਰਾਸ਼ੀ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦੀ ਉਸਾਰੀ ਲਈ ਭੇਟ ਕਰ ਦਿੱਤੀ ਹੈ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਕਾ. ਅਜਮੇਰ ਸਿੰਘ, ਖਜਾਨਚੀ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਕਾ. ਮੰਗਤ ਰਾਮ ਪਾਸਲਾ, ਕਾ. ਗੁਰਮੀਤ ਸਿੰਘ ਢੱਡਾ, ਕਾ. ਗੁਰਮੀਤ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪਰਿਵਾਰ ਮੈਂਬਰ ਪ੍ਰੋ. ਗੋਪਾਲ ਬੁੱਟਰ, ਕੁਲਵਿੰਦਰ ਬੁੱਟਰ, ਮਨਜੀਤ ਕੇਸਰ, ਬਲਵਿੰਦਰ ਕੌਰ ਬਾਂਸਲ, ਪੰਜ ਆਬ ਪ੍ਰਕਾਸ਼ਨ ਦੇ ਸੰਚਾਲਕ ਕੇਸਰ, ਗੁਰਦੀਪ ਸਿੰਘ ਸੰਧਰ, ਕਾ. ਭੀਮ ਰਾਓ, ਕਾ. ਸ਼ਾਮ ਲਾਲ, ਕਾ. ਨਿਰਮਲ ਸਿੰਘ ਗਿੱਲ, ਸ. ਮਲਕੀਤ ਸਿੰਘ, ਰਾਮ ਅਤੇ ਰਤਨ ਸ਼ਾਮਲ ਹੋਏ। **ਜਾਰੀ ਕਰਤਾ (ਡਾ. ਰਘਬੀਰ ਕੌਰ)**

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਵੀ ਮੱਖਣ ਕੁਹਾੜ ਉਪਰ ਹੋਏ ਹਮਲੇ ਦੀ ਨਿੰਦਾ

**ਲੁਧਿਆਣਾ (ਬਿਊਰੋ)–** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ. ਕਰ-ਮਜੀਤ ਸਿੰਘ ਨੇ ਇਕ ਬਿਆਨ ਵਿਚ ਸਥਾਨ? ਵਿਧਾਇਕ ਦੀ ਸ਼ਹਿ ਤੇ ਕਵੀ ਮੱਖਣ ਕਹਾੜ ਉਪਰ ਕੀਤੇ ਗਏ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਵੀ ਅਸਹਿਣਸ਼ੀਲਤਾ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਲੋਕਾਂ ਨੂੰ ਇਨਸਾਫ਼ ਤਾਂ ਮਿਲਣਾ ਇਕ ਪਾਸੇ ਉਨ੍ਹਾਂ ਦੇ ਘਰਾਂ ਨੂੰ ਬਰਬਾਦ ਕਰਨ ਦੇ ਮਨ-ਸੂਬੇ ਬਣਾਏ ਜਾ ਰਹੇ ਹਨ। ਲੋਕਾਂ ਦੇ ਬਣਾਏ ਹੋਏ ਘਰਾਂ ਉਪਰ ਮਾਫ਼ੀਆ ਕਬਜ਼ੇ ਕਰ ਰਿਹਾ ਹੈ। ਜੇ ਕਰ ਮੱਖਣ ਕੁਹਾੜ ਵਰਗੇ ਸੰਵੇਦਨਸ਼ੀਲ ਲੇਖਕ ਇਨ੍ਹਾਂ ਲੋਕਾਂ ਦੇ ਹੱਕ ਵਿਚ ਖਲੋਂਦੇ ਹਨ ਤਾਂ ਉਨ੍ਹਾਂ ਦੀ ਤਰਕਸ਼ੀਲ ਗੱਲ ਵਲ ਧਿਆਨ ਦੇਣ ਦੀ ਬਜਾਇ ਉਨਾਂ ਉਪਰ ਕਾਤਲਾਨਾ ਹਮਲਾ ਕੀਤਾ ਜਾਂਦਾ ਹੈ। ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਇਕ ਸਾਹਿਤਕਾਰ ਉਪਰ ਅਜਿਹੇ ਹਮਲੇ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਮੱਖਣ ਕੁਹਾੜ ਤਿੰਨ ਗ਼ਜ਼ਲ ਸੰਗ੍ਰਹਿਆਂ- ਕਿਰਨਾਂ ਦੇ ਨਕਸ਼, ਕੱਚੀਆ ਤੰਦਾਂ ਅਤੇ ਕੇਤਕੀ ਦੇ ਫੁੱਲ ਦਾ ਸਿਰਜਣਹਾਰ ਹੈ ਅਤੇ ਸਮਾਜ ਦੇ ਲੋਕਾਂ ਦੇ ਮਸਲਿਆ ਉਪਰ ਲੋਕ ਪੱਖੀ ਨਜ਼ਰੀਏ ਤੋਂ ਲਗਾਤਾਰ ਆਪਣੇ ਵਿਚਾਰ ਪ੍ਰਗਟਾਉਂਦਾ ਹੋਇਆ ਉਨਹਾਂ ਨਾਲ ਵੀ ਖੜ੍ਹਦਾ ਹੈ। ਉਹ ਕੇਂਦਰੀ ਲੇਖਕ ਸਭਾ ਦਾ ਸਕੱਤਰ ਰਹਿ ਚੁੱਕਾ ਹੈ ਅਤੇ ਇਸ ਵੇਲੇ ਕਾਰਜਕਾਰਨੀ ਦਾ ਸਤਿਕਾਰਯੋਗ ਮੈਂਬਰ ਹੈ। ਉਸ ਉਪਰ ਹਮਲਾ ਲੋਕਾਂ ਉਪਰ ਹਮਲਾ ਹੈ, ਜਿਸ ਨੂੰ ਕੋਈ? ਸੂਝਵਾਨ ਨਾਗਰਿਕ ਬਰਦਾਸ਼ਤ ਨਹੀਂ ਕਰ ਸਕਦਾ।



ਭਵਿੱਖ ਵਿਚ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਇਕ ਮਾਡਲ

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ

## ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ

## ਆਉਣ ਵਾਲੇ ਸਮੇਂ ਵਿਚ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ ਜੀ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

### ਪ੍ਰੋਗਰਾਮਾਂ ਦਾ ਵੇਰਵਾ

### ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ 27 ਨਵੰਬਰ 2015 ਸ਼ੁੱਕਰਵਾਰ ਸਵੇਰੇ 10 ਵਜੇ ਭੋਗ 29 ਨਵੰਬਰ 2015 ਐਤਵਾਰ 10 ਵਜੇ। ਉਪਰੰਤ ਕੀਰਤਨ ਦੀਵਾਨ ਹੋਣਗੇ।

**ਸੇਵਾ: ਸਮੂਹ ਸੰਗਤ ਤੇ ਗੁਰਦੁਆਰਾ ਪ੍ਰਬੰਧਕੀ ਕਮੇਟੀ**



### ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਹਾੜਾ

ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ ਜੀ) ਦਾ ਸ਼ਹੀਦੀ ਦਿਹਾੜੇ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ 04 ਦਸੰਬਰ 2015 ਸ਼ੁੱਕਰਵਾਰ ਸਵੇਰੇ 10 ਵਜੇ, ਭੋਗ 06 ਦਸੰਬਰ 2015 ਐਤਵਾਰ 10 ਵਜੇ। ਉਪਰੰਤ ਭਾਈ ਜਸਵੰਤ ਸਿੰਘ ਜੀ ਖਾਲਸਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸੇਵਾ- ਪ੍ਰਦੀਪ ਕੁਮਾਰ ਅਤੇ ਪਰਿਵਾਰ ਅਤੇ ਰਾਜ ਕੁਮਾਰ ਸੂਦ ਅਤੇ ਪਰਿਵਾਰ**

### ਨਵੇਂ ਸਾਲ ਦੀ ਖੁਸ਼ੀ ਵਿਚ ਕੀਰਤਨ ਦੀਵਾਨ

ਨਵੇਂ ਸਾਲ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ 29 ਦਸੰਬਰ 2015 ਮੰਗਲਵਾਰ ਸਵੇਰ 10 ਵਜੇ ਭੋਗ 31 ਦਸੰਬਰ 2015 ਵੀਰਵਾਰ ਸਵੇਰੇ 10 ਵਜੇ ਉਪਰੰਤ ਕੀਰਤਨ ਦੀਵਾਨ ਹੋਣਗੇ।

**ਸੇਵਾ: ਜਤਿੰਦਰ ਸਿੰਘ ਬਿੰਦ ਅਤੇ ਪਰਿਵਾਰ, ਪਵਨ ਸਿੰਘ ਪੰਮਾ ਅਤੇ ਪਰਿਵਾਰ।**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਹਾੜੇ ਅਤੇ 16ਵੇਂ ਨਗਰ ਕੀਰਤਨ ਦੀ ਖੁਸ਼ੀ ਵਿਚ ਹਫਤਾਵਾਰੀ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਸੇਵਾ ਲੈਣ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

31 ਦਸੰਬਰ 2015 ਨੂੰ ਸ਼ਾਮ ਦੇ ਦੀਵਾਨ ਵਿਚ ਕੀਰਤਨ ਦਰਬਾਰ ਸ਼ਾਮ 7 ਵਜੇ ਤੋਂ ਲੈ ਕੇ ਨਵੇਂ ਸਾਲ 2016 ਦੀ ਆਮਦ ਤੱਕ ਚੱਲੇਗਾ।

### ਹੋਰ ਜਾਣਕਾਰੀ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ

| | | |
|---|---|---|
| ਜੱਸੀ ਬੰਗਾ 916-796-5003 | ਦਰਸ਼ਨ ਵਿਰਕ 916-228-0540 | ਸਤਨਾਮ ਮੰਢਾਲੀ 916-803-0108 |
| ਜੋਗਿੰਦਰ ਚੁੰਬਰ 916-582-1611 | ਬਲਵਿੰਦਰ ਰੱਲ੍ਹ 916-425-2707 | ਜੱਸੀ ਸ਼ੀਮਾਰ (ਪੀ. ਆਰ. ਓ.) 916-293-6030 |

## Shri Guru Ravidass Temple Rio Linda, Sacramento

**6221-16th Street Rio Linda, CA 95673, Phone 916-992-1710**

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼-ਵਿਦੇਸ਼ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ

(ਸਫਾ 1 ਦੀ ਬਾਕੀ)

ਰੱਖੀਆਂ ਗਈਆਂ ਸਨ। ਜਲੌਅ ਸਮੇਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਇਨ੍ਹਾਂ ਵਸਤਾਂ ਦੇ ਦਰਸ਼ਨ ਕੀਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਨਤਮਸਤਕ ਹੋਏ। ਤੜਕੇ ਸਵੇਰ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ, ਜਿਨ੍ਹਾਂ ਗੁਰਬਾਣੀ ਦਾ ਕੀਰਤਨ ਸੁਣਿਆ ਅਤੇ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਮੌਕੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਗੁਰਪੂਰਬ ਦੇ ਸਬੰਧ ਵਿਚ ਵਿਸ਼ੇਸ਼ ਪਕਵਾਨ ਵੀ ਤਿਆਰ ਕੀਤੇ ਗਏ ਸਨ। ਇਤਿਹਾਸਕ ਗੁਰਦੁਆਰਾ ਬੇਰ ਸਾਹਿਬ, ਜਿਥੇ ਉਨ੍ਹਾਂ ਨੇ ਭਗਤੀ ਕੀਤੀ ਅਤੇ ਸਦੀਵੀ ਯਾਦ ਲਈ ਬੇਰੀ ਦਾ ਦਰੱਖਤ ਲਗਾਇਆ, ਦੇ ਨਾਲ ਵਗਦੀ ਪਵਿੱਤਰ ਵੇਈਂ 'ਤੇ ਬਣੇ ਘਾਟ 'ਤੇ ਲੱਖਾਂ ਸ਼ਰਧਾਲੂਆਂ



ਨੇ ਇਸ਼ਨਾਨ ਕੀਤੇ। ਸੰਗਤਾਂ ਨੇ ਇਥੇ ਬਣੇ ਸਰੋਵਰ ਵਿਚ ਵੀ ਇਸ਼ਨਾਨ ਕੀਤਾ ਅਤੇ ਉਪਰੰਤ ਗੁਰਦੁਆਰੇ ਨਤਸਮਤਕ ਹੋ ਕੇ ਕੀਰਤਨ ਸਰਵਣ ਕੀਤਾ। ਗੁਰੂ ਨਾਨਕ ਦੇਵ ਨਾਲ ਸਬੰਧਤ ਗੁਰਦੁਆਰਾ ਹੱਟ ਸਾਹਿਬ, ਸੰਤ ਘਾਟ, ਕੋਠੜੀ ਸਾਹਿਬ, ਅੰਤਰਯਾਤਮਾ ਸਾਹਿਬ, ਸਿਹਰਾ ਸਾਹਿਬ, ਗੁਰਦੁਆਰਾ ਬੇਬੇ ਨਾਨਕੀ ਅਤੇ ਬੇਬੇ ਨਾਨਕੀ ਦੇ ਘਰ ਨੂੰ ਸੁੰਦਰ ਦੀਪਮਾਲਾ ਕਰਕੇ ਸਜਾਇਆ ਗਿਆ ਸੀ। ਭਾਈ ਮਰਦਾਨਾ ਦੀਵਾਨ ਹਾਲ ਵਿਖੇ ਪ੍ਰਸਿੱਧ ਕਵੀਸ਼ਰੀ, ਰਾਗੀ ਅਤੇ ਢਾਡੀ ਜਥਿਆਂ ਨੇ ਗੁਰਬਾਣੀ ਅਧਾਰਤ ਕੀਰਤਨ ਕੀਤਾ। ਸ਼ਹਿਰ ਵਿਚ ਦੂਰ ਦੁਰਾਡੇ ਤੋਂ ਪਿੰਡਾਂ ਦੀਆਂ ਸੰਗਤਾਂ ਲਈ ਥਾਂ-ਥਾਂ ਚਾਹ, ਪਕੌੜਿਆਂ ਅਤੇ ਹੋਰ ਪਦਾਰਥਾਂ ਦੇ ਲੰਗਰ ਲਾਏ ਗਏ। ਇਸੇ ਦੌਰਾਨ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਲੰਗਰਾਂ ਵਿਚ ਪਹੁੰਚ ਕੇ ਸੇਵਾਦਾਰਾਂ ਨੂੰ ਗੁਰਪੂਰਬ ਦੀ ਵਧਾਈ ਦਿੱਤੀ।

# ਪੰਜਾਬੀ ਸਾਹਿਤ ਸਭਾ ਵੱਲੋਂ ਕਰਵਾਈ ਕਹਾਣੀ ਵਰਕਸ਼ਾਪ ਸਫਲਤਾ ਪੂਰਵਕ ਸੰਪੰਨ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ(ਸਟਾਕਟਨ ਯੂਨਿਟ)ਵਲੋਂ ਬੀਤੇ ਐਤਵਾਰ ਲੈਥਰੋਪ ਵਿਖੇ ਇਕ ਸ਼ਾਨਦਾਰ ਕਹਾਣੀ ਵਰਕਸ਼ਾਪ ਕਰਵਾਈ ਗਈ। ਇਸ ਦਾ ਆਰੰਭ ਪ੍ਰਿਸੀਪਲ ਹਰਨੇਕ ਸਿੰਘ ਨੇ ਸਕੱਤਰ ਦੇ ਤੌਰ ਤੇ ਸਭਾ ਦਾ ਸੰਚਾਲਨ ਕਰਦਿਆਂ ਆਏ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਕੀਤਾ ਅਤੇ ਕਹਾਣੀ ਵਰਕਸ਼ਾਪ ਦੀ ਮਹੱਤਤਾ ਤੋਂ ਜਾਣੂੰ ਕਰਵਾਇਆ । ਇਸ ਉਪਰੰਤ ਤਾਰਾ ਸਿੰਘ ਸਾਗਰ ਨੇ ਆਪਣੀ ਨਵੀਂ ਲਿਖੀ ਕਹਾਣੀ 'ਟਰਮੀਨੇਟ' ਸਰੋਤਿਆਂ ਨਾਲ ਸਾਂਝੀ ਕੀਤੀ । ਇਸ ਦਾ ਵਿਸ਼ਾ ਵਿਕਸਤ ਹੋ ਰਹੀ ਰੋਬੋਟ ਤਕਨੀਕ ਦਾ ਭਵਿੱਖ ਵਿਚ ਸਾਡੀ ਦਿਨ ਬਦਿਨ ਦੀ ਜਿੰਦਗੀ ਉਤੇ ਪੈਣ ਵਾਲੇ ਸੰਵੇਦਨ ਸ਼ੀਲ ਪ੍ਰਭਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੀ ਕਹਾਣੀ ਵਿਧਾ ਤੇ ਪੱਕੜ ਇਸ ਕਹਾਣੀ ਵਿਚੋਂ ਸਾਫ ਝਲਕ ਰਹੀ ਸੀ।

ਦੂਸਰੀ ਕਹਾਣੀ ਨੀਲਮ ਸੈਣੀ ਵਲੋਂ 'ਧਰਤੀ ਦਾ ਪਰਛਾਵਾਂ' ਪੇਸ਼ ਕੀਤੀ ਗਈ । ਇਹ ਕਹਾਣੀ ਦੰਪਤੀ ਜੀਵਨ ਵਿਚ ਇਕ ਦੂਸਰੇ ਦੀ ਸਰੀਰਕ ਤੇ ਮਾਨਸਿਕ ਵੇਦਨਾਂ ਨੂੰ ਤੀਬਰਤਾ ਦੀਆਂ ਗਹਿਰਾਈਆਂ ਤੀਕ ਸਮਝਣ ਅਤੇ ਸੁਹਿਰਦ ਭਾਗੀਦਾਰ ਬਣਨ ਨਾਲ ਜੁੜੀ ਹੋਈ ਹੈ । ਕਹਾਣੀ ਗੰਭੀਰ ਵੇਦਨਾ ਦੀਆਂ ਲਹਿਰਾਂ ਵਿਚੋਂ ਲੰਘਦੀ ਸਰੋਤਿਆਂ ਨੂੰ ਨਾਲ ਲੈਕੇ ਤੁਰਦੀ ਹੈ। ਹਾਜ਼ਰ ਸਰੋਤਿਆਂ ਨੇ ਦੋਹਾਂ ਕਹਾਣੀਆਂ ਦੀ ਭਰਪੂਰ ਸ਼ਲਾਘਾ ਕੀਤੀ । ਇਹਨਾਂ ਪ੍ਰਤੀ ਆਪਣੇ ਉਸਾਰੂ ਸੁਝਾਅ ਵੀ ਪੇਸ਼ ਕੀਤੇ । ਇਹਨਾਂ ਸੁਝਾਵਾਂ ਨੂੰ ਲੇਖਕਾਂ ਵਲੋਂ ਸਲਾਹਿਆ ਗਿਆ । ਇਨ੍ਹਾਂ ਤੋਂ ਬਾਅਦ ਹਰਜਿੰਦਰ ਪੰਧੇਰ ਅਤੇ ਪ੍ਰਿੰਸੀਪਲ ਹਰਨੇਕ ਸਿੰਘ ਵਲੋਂ ਦੋ ਦੋ ਮਿੰਨੀ ਕਹਾਣੀਆਂ ਸੁਣਾਈਆਂ ਗਈਆਂ। ਇਸ ਬੈਠਕ ਦੇ ਦੂਸਰੇ ਸੈਸ਼ਨ ਵਿਚ ਇਕ ਛੋਟਾ ਜਿਹਾ ਕਵੀ ਦਰਬਾਰ ਹੋਇਆ ਜਿਸ ਵਿਚ ਹਰਜਿੰਦਰ ਪੰਧੇਰ, ਤਾਰਾ ਸਾਗਰ , ਨੀਲਮ ਸੈਣੀ , ਅੰਜੂ ਬਾਲਾ ਅਤੇ ਗੁਰਚਰਨ ਕੌਰ ਅਦਿ ਨੇ ਗੀਤਾਂ ਲੋਕ ਬੋਲੀਆਂ ਅਤੇ ਕਵਿਤਾਵਾਂ ਨਾਲ ਆਏ ਸਰੋਤਿਆਂ ਦਾ ਭਰਭੁਰ ਨੋਰੰਜਨ ਕੀਤਾ। ਅੰਤ ਵਿਚ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ । ਇਸ ਉਪਰੰਤ ਨਵੇਂ ਸੰਪਾਦਨ ਕੀਤੇ ਜਾਣ ਵਾਲੇ 'ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ' ਲਈ ਕਹਾਣੀਆਂ ਭੇਜੇ ਜਾਣ ਦੀ ਯਾਦ ਤਾਜ਼ਾ ਕਰਵਾਈ ਗਈ । ਇਸ ਸੰਗ੍ਰਹਿ ਲਈ ਕਹਾਣੀਆਂ ਭੇਜਣ ਦੀ ਮਿਆਦ 31 ਦਿਸੰਬਰ 2015 ਹੈ। ਕਹਾਣੀ ਪਰਵਾਸੀ ਸਰੋਕਾਰਾਂ ਨਾਲ ਸਬੰਧਤ, ਅਣਪ੍ਰਕਾਸ਼ਤ ਅਤੇ ਉਸਾਰੂ ਮੁਦਿਆਂ ਨਾਲ ਜੁੜੀ ਹੋਣੀ ਚਾਹੀਦੀ ਹੈ । ਪੂਰਾ ਵੇਰਵਾ ਪਹਿਲਾਂ ਪ੍ਰਕਾਸ਼ਤ ਹੋ ਚੁੱਕਾ ਹੈ। ਕਿਸੇ ਕਹਾਣੀ ਨੂੰ ਛਾਪਣ ਪ੍ਰਤੀ ਨਿਰਣਾ ਸੰਪਾਦਕੀ ਮੰਡਲ ਦੀ ਬੈਠਕ ਵਿਚ ਹੀ ਲਿਆ ਜਾਵੇਗਾ।



# ਬਾਬਾ ਫਰੀਦ ਜੀ ਨੂੰ ਸਮਰਪਿਤ ਵਿਪਸਾਅ ਦੀ ਸਾਲਾਨਾ ਮੀਟਿੰਗ 29 ਨਵੰਬਰ ਨੂੰ

**ਫਰਿਜ਼ਨੋ (ਬਿਊਰੋ)-** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਸਲਾਨਾ ਮੀਟਿੰਗ ਇਸ ਵਾਰ ਫਰਿਜ਼ਨੋ ਦੇ ਇੰਡੀਆਜ਼ ਓਵਨ 3035 ਵੈਸਟ ਅਸਲਾਂ ਐਵੇਨਿਊ ਵਿਖੇ ਹੋਣ ਜਾ ਰਹੀ ਹੈ। ਇਹ ਮੀਟਿੰਗ ਇਸ ਵਾਰ ਪੰਜਾਬੀ ਦੇ ਪ੍ਰਥਮ ਕਵੀ ਭਗਤ ਬਾਬਾ ਫਰੀਦ ਜੀ ਨੂੰ ਸਮਰਪਿਤ ਹੋਵੇਗੀ। ਮੀਟਿੰਗ ਸਵੇਰੇ 11 ਵਜੇ ਆਰੰਭ ਹੋਵੇਗੀ।

ਇਸ ਮੀਟਿੰਗ ਵਿਚ ਬਾਬਾ ਫਰੀਦ ਜੀ ਦੀ ਕਵਿਤਾ (ਸਿੱਧੂ ਦਮਦਮੀ), ਅਕਾਦਮੀ ਦੇ ਮੈਂਬਰਾਂ ਦੀਆਂ ਪ੍ਰਾਪਤੀਆਂ (ਪ੍ਰੋ. ਸੁਖਵਿੰਦਰ ਕੰਬੋਜ) ਅਤੇ ਨਵੀਆਂ ਪੁਸਤਕਾਂ ਦੀ ਮੂੰਹ ਦਿਖਾਈ ਅਕੈਡਮੀ ਦੇ ਮੈਂਬਰ ਕਰਨਗੇ। ਇਸ ਦਰਮਿਆਨ ਦਾ ਸਟ੍ਰਗਲ ਫਾਰ ਅਮੈਰਿਕਨ ਸਿਟੀਜ਼ਨਸ਼ਿਪ ਅਤੇ ਪ੍ਰਾਪਰਟੀ ਆਊਨਰਸ਼ਿਪ ਪੁਸਤਕ ਜੋ ਗੁਰੂਮੇਲ ਸਿੱਧੂ ਦੀ ਲਿਖੀ ਹੈ ਅਤੇ ਹਰਜਿੰਦਰ ਕੰਗ ਦਾ ਕਾਵਿ ਸੰਸਾਰ ਦੀ ਘੁੰਡ ਚੁਕਾਈ ਹੋਵੇਗੀ। ਇਸ ਦਰਮਿਆਨ ਕਵੀ ਦਰਬਾਰ ਹਰਜਿੰਦਰ ਕੰਗ ਵੱਲੋਂ ਪੇਸ਼ ਕੀਤਾ ਜਾਵੇਗਾ। ਗੀਤ ਸੰਗੀਤ ਅਤੇ ਪੁਸਤਕਾਂ ਦੀ ਪ੍ਰਦਰਸ਼ਨੀ ਤੋਂ ਇਲਾਵਾ ਇਸ ਦਰਮਿਆਨ ਆਈਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

ਚਾਹ ਪਾਣੀ ਦਾ ਲੰਗਰ ਖੁੱਲ੍ਹਾ ਚੱਲੇਗਾ। ਹੋਰ ਜਾਣਕਾਰੀ ਲਈ 550-220-1313 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਭਗਤ ਨਾਮਦੇਵ ਜੀ ਦਾ 745ਵਾਂ ਪ੍ਰਕਾਸ਼ ਪੁਰਬ ਬਹੁਤ ਸ਼ਰਧਾ ਨਾਲ ਮਨਾਇਆ

**ਬਟਾਲਾ (ਬਰਨਾਲ)-** ਕਸਬਾ ਘੁਮਾਣ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ 745ਵਾਂ ਪ੍ਰਕਸ਼ ਪੁਰਬ ਗੁਰਦੁਆਰਾ ਭਗਤ ਨਾਮਦੇਵ ਦਰਬਾਰ ਘੁਮਾਣ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ। ਇਹ ਪ੍ਰਕਾਸ਼ ਪੁਰਬ ਸਰਪਰਸਤ ਗੁਰਚਰਨ ਸਿੰਘ ਬਾਵਾ, ਪ੍ਰਧਾਨ ਤਰਸੇਮ ਸਿੰਘ ਬਾਵਾ, ਜਨਰਲ ਸਕੱਤਰ ਸੁਖਜਿੰਦਰ ਸਿੰਘ ਬਾਵਾ, ਪ੍ਰੈਸ ਸਕੱਤਰ ਸਰਬਜੀਤ ਸਿੰਘ ਬਾਵਾ ਅਤੇ ਮੀਤ ਸਕੱਤਰ ਮਨਜਿੰਦਰ ਸਿੰਘ ਬਿੱਟੂ ਦੀ ਅਗਵਾਈ ਹੇਠ ਨਾਮਦੇਵ ਦਰਬਾਰ ਕਮੇਟੀ ਵੱਲੋਂ ਮਨਾਇਆ ਗਿਆ । ਇਸ ਮੌਕੇ ਸ਼ਾਮ ਨੂੰ ਇਕ ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿਚ ਭਾਈ ਹਰਵਿੰਦਰ ਸਿੰਘ ਜੀ, ਭਾਈ ਲਹਿਣਾ ਸਿੰਘ ਜੀ ਦਮਦਮੀ ਟਕਸਾਲ ਮਹਿਤਾ ਸਾਹਿਬ, ਭਾਈ ਜਸਜੀਤ ਸਿੰਘ ਜੀ ਮੰਡਿਆਲੇ ਵਾਲੇ, ਭਾਈ ਹਰਦੇਵ ਸਿੰਘ ਦਿਵਾਨਾ ਜੀ ਬੀਬੀ ਕੋਲਾਂ ਭਲਾਈ ਕੇਂਦਰ ਸ੍ਰੀ ਅੰਮ੍ਰਿਤਸਰ ਵਾਲਿਆਂ ਨੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੀ ਬਾਣੀ ਵਿੱਚੋਂ ਕੀਰਤਨ ਸੁਣਾ ਕੇ ਅਤੇ ਭਾਈ ਸਰਬਜੀਤ ਸਿੰਘ ਜੀ ਢੋਟੀਆਂ ਨੇ ਭਗਤ ਨਾਮਦੇਵ ਜੀ ਦੀ ਬਾਣੀ ਵਿਚੋਂ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹਲਕਾ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਦੇਸ ਰਾਜ ਧੁੱਗਾ, ਡੀ.ਆਈ.ਜੀ. ਬਾਰਡਰ ਰੇਂਜ ਸ਼੍ਰੀ ਕੁਵਰ ਵਿਜੇ ਪ੍ਰਤਾਪ ਸਿੰਘ, ਐਸ.ਡੀ.ਐਮ. ਸਕੱਤਰ ਸਿੰਘ ਬੱਲ, ਐਸ.ਡੀ.ਐਮ ਬਟਾਲਾ ਸੋਰਬ ਅਰੋੜਾ ਜੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਨਾਮਦੇਵ ਦਰਬਾਰ ਵਿਖੇ ਨਤਮਸਤਕ ਹੋਏ ਜਿਹਨਾਂ ਨੂੰ ਸ੍ਰੀ ਨਾਮਦੇਵ ਦਰਬਾਰ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਕਸਬਾ ਘੁਮਾਣ ਅਤੇ ਦੂਰ ਦਰਾਡੇ ਤੋਂ ਆਈਆਂ ਸੰਗਤਾਂ ਵੱਲੋਂ ਵੱਖ ਵੱਖ ਤਰਾਂ ਦੇ ਲੰਗਰ ਵੀ ਲਗਾਏ ਗਏ।

ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਕੁਲਵੰਤ ਸਿੰਘ ਚੀਮਾਂ, ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਨਿੰਦੀ, ਬਾਬਾ ਨਿਰਮਲ ਸਿੰਘ ਜੀ, ਜਥੇਦਾਰ ਕਸ਼ਮੀਰ ਸਿੰਘ ਬਰਿਆਰ, ਬਾਬਾ ਨਿਸ਼ਾਨ ਸਿੰਘ ਜੀ, ਚੇਅਰਮੈਨ ਹਰਬੰਸ ਸਿੰਘ ਘੁਮਾਣ, ਐਸ.ਐਚ.ਓ. ਘੁਮਾਣ ਜਰਨੈਲ ਸਿੰਘ ਕਾਹਲੋਂ, ਸ੍ਰ.ਰਣਜੋਧ ਸਿੰਘ ਚੌਕੀ ਇੰਚਾਰਜ ਉਧਨਵਾਲ, ਮੀਤ ਪ੍ਰਧਾਨ ਅਮਰੀਕ ਸਿੰਘ ਬਾਵਾ, ਬਾਵਾ ਮਨਜੀਤ ਸਿੰਘ ਕੈਸ਼ੀਅਰ, ਬਾਵਾ ਸੁਖਵੰਤ ਸਿੰਘ ਸਟੋਰ ਕੀਪਰ, ਬਾਵਾ ਸੰਤੋਖ ਸਿੰਘ, ਮੈਨੇਜਰ ਤਰਲੋਚਨ ਸਿੰਘ ਧਾਮੀ, ਬਾਵਾ ਰਣਜੀਤ ਸਿੰਘ, ਬਾਵਾ ਰਘੂਬੀਰ ਸਿੰਘ, ਬਾਵਾ ਸੁਖਬੀਰ ਸਿੰਘ, ਬਾਵਾ ਅਰਵਿੰਦਰ ਸਿੰਘ, ਬਾਵਾ ਕੁਲਦੀਪ ਸਿੰਘ, ਪ੍ਰਧਾਨ ਪਰਲੋਕ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ ਬਾਵਾ, ਪ੍ਰੇਮ ਸਿੰਘ ਬਾਵਾ, ਅਸ਼ਵਨੀ ਕੁਮਾਰ , ਗੁਰਸ਼ਰਨ ਸਿੰਘ ਬਾਵਾ, ਸਤਨਾਮ ਸਿੰਘ ਕੁੱਕੂ ,ਤਜਿੰਦਰ ਸਿੰਘ ਸੰਧਵਾਂ, ਕੁਲਵੰਤ ਸਿੰਘ ਬਾਵਾ, ਮਨਜੀਤ ਸਿੰਘ ਬਾਵਾ, ਸੁਖਵੰਤ ਸਿੰਘ ਬਾਵਾ, ਸੁਖਜੀਤ ਸਿੰਘ ਨੋਨੂੰ, ਟੋਨੀ ਜੰਬਾ, ਬਾਬਾ ਨਾਮਦੇਵ ਲੰਗਰ ਕਮੇਟੀ ਮੋਗਾ, ਲੰਗਰ ਕਮੇਟੀ ਜਗਰਾਓ, ਲੰਗਰ ਕਮੇਟੀ ਮਾਨਸਾ, ਸਿੱਖ ਨੌਜੁਆਨ ਸੇਵਕ ਸਭਾ ਘੁਮਾਣ, ਬਾਬਾ ਨਾਮਦੇਵ ਸੇਵਾ ਸੁਸਾਈਟੀ ਘੁਮਾਣ, ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।






# ਪੰਜਾਬ ਸਰਕਾਰ ਦਾ ਸੂਬਾ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫਾ

## 1 ਜਨਵਰੀ ਤੋਂ ਵੱਖ-ਵੱਖ ਧਰਮਾਂ ਦੇ ਤੀਰਥ ਅਸਥਾਨਾਂ ਦੀ ਮੁਫਤ ਯਾਤਰਾ ਕਰਾਏਗੀ ਸੂਬਾ ਸਰਕਾਰ - ਸੇਖਵਾਂ

**ਬਟਾਲਾ, (ਬਰਨਾਲ)-**ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਧਾਰਮਿਕ ਸ਼ਰਧਾ ਅਤੇ ਆਸਥਾ ਨੂੰ ਮੁੱਖ ਰੱਖਦੇ ਹੋਏ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਤੀਰਥ ਯਾਤਰਾ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ, ਮਾਤਾ ਵੈਸ਼ਨੂੰ ਦੇਵੀ ਜੀ (ਕਟੜਾ), ਕਾਸ਼ੀ (ਵਾਰਾਣਸੀ), ਅਜਮੇਰ ਸ਼ਰੀਫ ਦਰਗਾਹ ਆਦਿ ਪਵਿੱਤਰ ਨਗਰਾਂ ਦੀ ਮੁਫਤ ਤੀਰਥ ਯਾਤਰਾ ਕਰਵਾਈ ਜਾਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਚੇਅਰਮੈਨ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' 1 ਜਨਵਰੀ 2016 ਤੋਂ ਸ਼ੁਰੂ ਕਰਕੇ ਸੂਬਾ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫਾ ਦਿੱਤਾ ਜਾ ਰਿਹਾ ਹੈ। ਸ. ਸੇਖਵਾਂ ਨੇ ਦੱਸਿਆ ਕਿ ਇਸ ਤੀਰਥ ਯਾਤਰਾ ਸਕੀਮ 'ਤੇ ਸੂਬਾ ਸਰਕਾਰ ਵੱਲੋਂ 187 ਕਰੋੜ ਰੁਪਏ ਖਰਚੇ ਜਾਣਗੇ।

ਚੇਅਰਮੈਨ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਅੱਗੇ ਦੱਸਿਆ ਕਿ ਇਸ ਯੋਜਨਾ ਤਹਿਤ ਪੰਜਾਬ ਵਾਸੀਆਂ ਨੂੰ ਧਾਰਮਿਕ ਸਥਾਨਾਂ ਦੀ ਮੁਫਤ ਯਾਤਰਾ ਕਰਾਈ ਜਾਵੇਗੀ ਅਤੇ ਹਰ ਵਿਧਾਨ ਸਭਾ ਹਲਕੇ ਦੇ ਲੋਕ ਇਸ ਸਹੂਲਤ ਦਾ ਲਾਭ ਲੈ ਸਕਣਗੇ। ਉਹਨਾਂ ਕਿਹਾ ਕਿ ਯਾਤਰਾ ਦੌਰਾਨ ਤੀਰਥ ਯਾਤਰੀਆਂ ਲਈ ਮੁਫਤ ਖਾਣੇ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਹੋਰ ਸਹੂਲਤਾਂ ਵੀ ਮੁਫਤ ਪ੍ਰਦਾਨ ਕੀਤੀਆਂ ਜਾਣਗੀਆਂ। ਜਥੇਦਾਰ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾਂ ਤਹਿਤ ਸ਼ਰਧਾਲੂ ਬਿਨਾਂ ਕੋਈ ਪੈਸਾ ਖਰਚੇ ਪਵਿੱਤਰ ਤੀਰਥਾਂ ਦੀ ਯਾਤਰਾ ਤੇ ਦਰਸ਼ਨ ਦੀਦਾਰੇ ਕਰ ਸਕਣਗੇ। ਜਥੇਦਾਰ ਸੇਖਵਾਂ ਨੇ ਇਸ ਯੋਜਨਾ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਦਾ ਧੰਨਵਾਦ ਕਰਦਿਆਂ ਸੂਬੇ ਦੇ ਲੋਕਾਂ ਨੂੰ ਇਸ ਯੋਜਨਾ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ ਹੈ। ਸ. ਸੇਖਵਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਨੇ ਇਹ ਤੀਰਥ ਯਾਤਰਾ ਯੋਜਨਾ ਸ਼ੁਰੂ ਕਰਕੇ 'ਰਾਜ ਨਹੀਂ ਸੇਵਾ' ਦਾ ਆਪਣਾ ਵਾਅਦਾ ਇੱਕ ਵਾਰ ਫਿਰ ਨਿਭਾਇਆ ਹੈ।

# ਗੋਆਰ ਬੰਜਾਰਾ ਕਾਨਫਰੰਸ ਪੋਰੀਆਗੜ੍ਹ, ਮਹਾਰਾਸ਼ਟਰ ਵਿਖੇ 4-5 ਦਸੰਬਰ ਨੂੰ ਹੁੰਮ ਹੁੰਮਾ ਕੇ ਪਹੁੰਚੋ : ਕਮਲ ਧਰਮਸੋਤ

**ਮਨੋਰਾ (ਬਿਊਰੋ)-** ਗੋਰ ਸਿਕਵਾੜੀ ਸਮਾਜਿਕ ਲਹਿਰ ਅਤੇ ਗੋਰ ਸੈਨਾ ਵੱਲੋਂ ਗੋਆਰ ਬੰਜਾਰਾ ਕਾਨਫਰੰਸ ਬੜੀ ਧੂਮਧਾਮ ਨਾਲ ਇਤਿਹਾਸਿਕ ਪਿੰਡ ਪੋਰੀਆਗੜ (ਪੋਹਰਾਦੇਵੀ), ਨੇੜੇ ਦਿਗਰਸ, ਤਹਿਸੀਲ ਮਨੋਰਾ, ਜ਼ਿਲਾ ਵਾਸ਼ਿਮ, ਮਹਾਰਾਸ਼ਟਰ ਵਿਖੇ 4-5 ਦਸੰਬਰ ਨੂੰ ਕਰਵਾਈ ਜਾ ਰਹੀ ਹੈ। ਇਸ ਗੋਆਰ ਬੰਜਾਰਾ ਕਾਨਫਰੰਸ ਵਿਚ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵੱਸਦੇ ਬੰਜਾਰਾ, ਬਾਜ਼ੀਗਰ, ਗੋਆਰ, ਗੁਆਰੀਆ, ਲੰਬਾੜੀ, ਸੁਗਾਲੀ, ਚਾਰਨ ਬੰਜਾਰਾ, ਬਾਲਦੀਆ, ਲਦੇਣੀਆ, ਭਾਟ ਬੰਜਾਰਾ, ਬਾਮਣੀਆ ਬੰਜਾਰਾ ਆਦਿ ਬਹੁਤ ਵੱਡੀ ਗਿਣਤੀ ਵਿੱਚ ਹਿੱਸਾ ਲੈ ਰਹੇ ਹਨ।

ਗੋਰ ਸਿਕਵਾੜੀ ਸਮਾਜਿਕ ਲਹਿਰ ਦੇ ਫੁੱਲ ਟਾਈਮ ਪਰਚਾਰਕ ਅਰੁਣ ਚਵਾਨ ਅਨੁਸਾਰ ਕਾਸ਼ੀਨਾਥ, ਨਾਇਕ, ਗੋਰ ਸਿਕਵਾੜੀ ਅਤੇ ਸੰਦੇਸ਼ ਚਵਾਨ, ਪ੍ਰਧਾਨ, ਗੋਰ ਸੈਨਾ ਦੀ ਅਗਵਾਈ ਵਿੱਚ ਕਰਵਾਈ ਜਾ ਰਹੀ ਇਸ ਗੋਆਰ ਬੰਜਾਰਾ ਕਾਨਫਰੰਸ ਵਿਚ ਭਾਰਤ ਦੇ ਗੋਆਰ ਬੰਜਾਰਾ ਸਮਾਜ ਦੀਆਂ ਪ੍ਰਮੁੱਖ ਮੰਗਾਂ ਜਿਵੇਂ ਅਨੁਸੂਚਿਤ ਕਬੀਲਿਆਂ ਦੀ ਸੂਚੀ ਵਿੱਚ ਸ਼ਾਮਿਲ ਕਰਵਾਉਣਾ, ਗੋਆਰ ਬੰਜਾਰਾ ਭਾਸ਼ਾ ਨੂੰ ਸੰਵਿਧਾਨਕ ਮਾਨਤਾ ਦਿਵਾਉਣਾ, ਗੋਆਰ ਬੰਜਾਰਾ ਬਸਤੀਆਂ ਨੂੰ ਬੁਨਿਆਦੀ ਸਹੂਲਤਾਂ ਦਿਵਾਉਣਾ, ਸਮਾਜਿਕ ਬਰਾ-ਬਰੀ, ਆਰਥਿਕ-ਵਿਦਿਅਕ ਤਰੱਕੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਆਦਿ ਨੂੰ ਲੈ ਕੇ ਏਜੰਡਾ ਤੈਅ ਕੀਤਾ ਜਾਵੇਗਾ। ਇਸ ਗੋਆਰ ਬੰਜਾਰਾ ਕਾਨਫਰੰਸ ਵਿਚ ਭਾਰਤ ਤੋਂ ਇਲਾਵਾ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿੱਚ ਵੱਸਦੇ ਗੋਆਰ ਬੰਜਾਰਾ ਸਮਾਜ ਦੇ ਪ੍ਰਤੀਨਿਧੀ ਵੀ ਹੁੰਮ ਹੁੰਮਾ ਕੇ ਪਹੁੰਚ ਰਹੇ ਹਨ। ਪੰਜਾਬ ਤੋਂ ਇਸ ਗੋਆਰ ਬੰਜਾਰਾ ਕਾਨਫਰੰਸ ਵਿਚ ਹਿੱਸਾ ਲੈ ਰਹੇ ਬਾਜ਼ੀਗਰ ਭਾਈਚਾਰੇ ਦੇ ਜੱਥੇ ਦੀ ਅਗਵਾਈ ਜੰਗੀਰ ਚੰਦ ਵਰਤੀਆ ਪਿੰਡ ਖੱਤਰੀਵਾਲਾ ਕਰਨਗੇ। ਗੋਆਰ ਬੰਜਾਰਾ ਭਾਸ਼ਾ ਦੇ ਗਾਇਕ ਬੰਟੀ ਧਰਮਸੋਤ ਅਤੇ ਇੰਜੀਨੀਅਰ ਰਵੀ ਧਰਮਸੋਤ ਵੀ ਇਸ ਗੋਆਰ ਬੰਜਾਰਾ ਕਾਨਫਰੰਸ ਵਿਚ ਹਿੱਸਾ ਲੈਣ ਲਈ ਪਹੁੰਚ ਰਹੇ ਹਨ. ਅਮ-ਰੀਕਾ ਤੋਂ ਪ੍ਰਤੀਨਿਧੀ ਮੰਡਲ ਦੀ ਅਗਵਾਈ ਇੰਜੀਨੀਅਰ ਸੰਦੀਪ ਰਾਠੌੜ ਸ਼ਿਕਾਗੋ ਕਰ ਰਹੇ ਹਨ, ਜੋ ਕਿ ਗੋਰ ਸਿਕਵਾੜੀ ਅਮਰੀਕਾ ਦੇ ਕਰਤਾ ਧਰਤਾ ਵੀ ਹਨ। ਗੋਆਰ ਬੰਜਾਰਾ ਭਾਈਚਾਰੇ ਦੇ ਆਨਲਾਈਨ ਮੈਗਜ਼ੀਨ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਕਮਲ ਧਰਮਸੋਤ ਯੂ. ਐਸ. ਏ. ਨੇ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਗੋਆਰ ਬੰਜਾਰਾ ਭਾਈਚਾਰੇ ਦੀ ਸਮਾਜਿਕ, ਆਰਥਿਕ, ਵਿ-ਦਅਕ ਤਰੱਕੀ ਲਈ ਗੋਰ ਸਿਕਵਾੜੀ ਸਮਾਜਿਕ ਲਹਿਰ ਅਤੇ ਗੋਰ ਸੈਨਾ ਵੱਲੋਂ ਕਰਵਾਈ ਜਾ ਰਹੀ ਗੋਆਰ ਬੰਜਾਰਾ ਕਾਨ-ਫਰੰਸ ਨੂੰ ਸਫਲ ਬਣਾਉਣ ਲਈ ਹੁੰਮਹੁੰਮਾ ਕੇ ਪਹੁੰਚੋ।



# ਬਾਬਾ ਸਾਹਿਬ ਡਾ.ਅੰਬੇਡਕਰ ਇਕ ਅੰਤਰ ਰਾਸ਼ਟਰੀ ਸ਼ਖਸੀਅਤ

## (ਸੈਮੀਨਾਰ ਰਿਪੋਰਟ)



- ਫਤਿਹਜੰਗ ਸਿੰਘ
9872670278



ਸੱਜੇ ਤੋਂ ਖੱਬੇ ਰਾਜਿੰਦਰ ਕੁਮਾਰ ਕਸ਼ਿਅਪ ਪੀ. ਐਮ. ਜੀ. (ਪੋਸਟ ਮਾਸਟਰ ਜਨਰਲ) ਪੰਜਾਬ ਸਰਕਲ ਕੇ. ਸੀ. ਸੁਲੇਖ, ਫਤਿਹਜੰਗ ਸਿੰਘ, ਪ੍ਰੋ. ਵਿਵੇਕ ਕੁਮਾਰ ਅਤੇ ਹੋਰ ਸ਼ਖਸੀਅਤਾਂ






ਜਦੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇਸ਼-ਵਿਦੇਸ਼ ਵਿਚੋਂ ਉੱਚ ਵਿੱਦਿਆ ਪ੍ਰਾਪਤ ਕਰਕੇ, ਹਰ ਖੇਤਰ ਦਾ ਡੂੰਘਾ ਗਿਆਨ ਹਾਸਲ ਕਰਕੇ ਅਤੇ ਵੱਡੀ ਤੋਂ ਵੱਡੀ ਡਿਗਰੀ ਨਾਲ ਲੈਸ ਹੋਣ ਉਪਰੰਤ ਪੂਰਨ ਤੌਰ 'ਤੇ ਸਮਾਜ ਨੂੰ ਸਮਰਪਿਤ ਹੋ ਗਏ ਤਾਂ ਉਹਨਾਂ ਨੇ ਦਿਨ ਰਾਤ ਸਖਤ ਮਿਹਨਤ ਕਰਕੇ ਜੋ ਖੋਜਾਂ ਕੀਤੀਆਂ ਸਨ, ਉਹਨਾਂ ਅਨੁਸਾਰ ਆਪਣੇ ਸਮਾਜ ਨੂੰ ਉਹ ਕੋਈ ਨਵੀਂ ਸੇਧ, ਨਵੀਂ ਦਿਸ਼ਾ ਦੇਣ ਦਾ ਉਪਰਾਲਾ ਕਰਨ ਲੱਗੇ। ਉਹਨਾਂ ਦੀ ਚਿੰਤਾ ਦਾ ਵਿਸ਼ਾ ਹੁਣ ਆਪ ਜਾਂ ਆਪਣਾ ਪਰਿਵਾਰ ਨਹੀਂ ਸੀ ਰਹਿ ਗਿਆ, ਸਗੋਂ ਉਹਨਾਂ ਨੇ ਤਾਂ ਸਾਰੇ ਦੇਸ਼ ਨੂੰ ਹੀ ਆਪਣਾ ਪਰਿਵਾਰ ਮੰਨ ਲਿਆ ਸੀ।ਇਸ ਪਰਿਵਾਰ ਦੇ ਦੁੱਖ ਦਰਦ, ਔਕੜਾਂ, ਚਿੰਤਾਵਾਂ, ਥੁੜ੍ਹਾਂ ਅਤੇ ਮਜਬੂਰੀਆਂ ਹੀ ਉਹਨਾਂ ਦੀਆਂ ਚਿੰਤਾਵਾਂ ਬਣ ਗਈਆਂ ਸਨ। ਇਹਨਾਂ ਚਿੰਤਾਵਾਂ ਦਾ ਗਹਿਰ ਗੰਭੀਰ ਚਿੰਤਨ ਹੀ ਉਹਨਾਂ ਦਾ ਕਾਰਜ ਅਤੇ ਮਕਸਦ ਬਣ ਚੁੱਕਾ ਸੀ ਤੇ ਬੱਸ ਹੁਣ ਉਹਨਾਂ ਦਾ ਖਾਣਾ-ਪੀਣਾ, ਰਹਿਣਾ, ਸੌਣਾ, ਕੰਮਕਾਜ, ਦਿਨ ਤੇ ਰਾਤ ਸਭ ਸਮਾਜ ਨੂੰ ਸਮਰਪਿਤ ਹੋ ਗਏ ਸਨ। ਇਹ ਕੋਈ ਛੋਟੀ ਕੁਰਬਾਨੀ ਨਹੀਂ ਸੀ। ਕੋਈ ਛੋਟੀ ਚਿੰਤਾ ਨਹੀਂ ਸੀ।

ਸਦੀਆਂ ਤੋਂ ਲੁੱਟਦੇ ਆ ਰਹੇ ਆਪਣੇ ਸਮਾਜ ਲਈ ਕੰਮ ਕਰਦਿਆਂ ਪਹਿਲਾਂ ਉਹਨਾਂ ਨੂੰ ਮਹਾਰਾਂ ਦੇ ਨੇਤਾ ਹੀ ਗਰਦਾਨਿਆ ਗਿਆ। ਜਦੋਂ ਉਹ ਆਪਣੇ ਸੰਘਰਸ਼ ਨੂੰ ਅੰਗਰੇਜ਼ਾਂ ਨਾਲ ਲੜਕੇ ਗੋਲਮੇਜ਼ ਕਾਨਫਰੰਸਾਂ ਤੱਕ ਲੈ ਆਏ ਅਤੇ ਅਛੂਤਾਂ ਲਈ ਕੁਝ ਹੱਕ ਪ੍ਰਾਪਤ ਕੀਤੇ ਤਾਂ ਉਹ ਅਛੂਤਾਂ ਦੇ ਆਗੂ ਮੰਨੇ ਜਾਣ ਲੱਗੇ। ਪਰ ਅਸਲ ਵਿਚ ਉਹ ਇਨਸਾਨੀਅਤ ਦੇ ਪੈਰੋਕਾਰ ਸਨ। ਇਨਸਾਨ ਨੂੰ ਜਾਤਪਾਤ ਅਤੇ ਧਰਮ ਦੇ ਨਾਂ 'ਤੇ ਇਨਸਾਨ ਨਾਲੋਂ ਪਾੜ ਕੇ ਇਨਸਾਨੀਅਤ ਨੂੰ ਧਰਾਤਲ ਤੋਂ ਵੀ ਹੇਠਾਂ ਤੱਕ ਡੇਗ ਦੇਣਾ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਇਸੇ ਲਈ ਇਹਨਾਂ ਨੇ ਅਜਿਹੇ ਇਨਸਾਨਾਂ ਦੀਆਂ ਛੇ ਹਜ਼ਾਰ ਜਾਤਾਂ ਵਿਚੋਂ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ ਤਿੰਨ ਮੁੱਖ ਵਰਗਾਂ ਵਿਚ ਸਮੇਟ ਲਿੱਤਾ ਤੇ ਫਿਰ ਉਹਨਾਂ ਲਈ ਅਧਿਕਾਰ ਲੈਣ ਲਈ ਸੰਘਰਸ਼ ਆਰੰਭ ਕੀਤਾ। ਐਸ. ਸੀ., ਐਸ. ਟੀ. ਲਈ ਅਧਿਕਾਰ ਕੁਝ ਹੱਦ ਤੀਕਰ ਮਿਲ ਗਏ। ਓ. ਬੀ. ਸੀ. ਲਈ ਸੰਵਿਧਾਨ ਵਿਚ ਪ੍ਰਾਵਧਾਨ ਕਰ ਦਿੱਤਾ ਕਿ ਉਹ ਵੀ ਆਪਣੀ ਪਛਾਣ ਕਰਕੇ ਅਧਿਕਾਰ ਲੈ ਸਕਦੇ ਹਨ ਕਿਉਂਕਿ ਉਸ ਵੇਲੇ ਓ. ਬੀ. ਸੀ. ਨੇਤਾਵਾਂ ਨੇ ਬਾਬਾ ਸਾਹਿਬ ਦਾ ਪੂਰਾ ਸਾਥ ਨਹੀਂ ਦਿੱਤਾ ਸੀ। ਉਹਨਾਂ ਨੇ ਔਰਤਾਂ ਲਈ ਵੀ ਬਰਾਬਰ ਅਧਿਕਾਰ ਲਏ। ਹਿੰਦੂ ਕੋਡ ਬਿਲ ਰਾਹੀਂ ਉਹ ਸਮੁੱਚੇ ਹਿੰਦੂ ਸਮਾਜ ਦਾ ਸੁਧਾਰ ਕਰਨਾ ਚਾਹੁੰਦੇ ਸਨ, ਜਿਸ ਵਿਚ ਉਹਨਾਂ ਨੂੰ ਸਫਲਤਾ ਨਹੀਂ ਮਿਲੀ। ਕੁੱਲ ਮਿਲਾ ਕੇ ਉਹਨਾਂ ਦਾ ਸੰਘਰਸ਼ ਸੰਪੂਰਨ ਸਮਾਜ ਅਤੇ ਦੇਸ਼ ਦੇ ਹਿੱਤ ਵਿਚ ਸੀ ਜਿਸ ਕਰਕੇ ਉਹ ਦੇਸ਼ ਦੇ ਨੇਤਾ ਸਵੀਕਾਰੇ ਜਾਣੇ ਚਾਹੀਦੇ ਸਨ ਪਰ ਅਜਿਹਾ ਨਹੀਂ ਹੋਣ ਦਿੱਤਾ ਗਿਆ। ਉਹਨਾਂ ਨੂੰ ਦਲਿਤਾਂ ਦਾ ਨੇਤਾ ਹੀ ਆਖਦੇ ਰਹੇ ਤੇ ਮੰਨਦੇ ਰਹੇ।

ਹੁਣ ਬਾਬਾ ਸਾਹਿਬ ਇਕ ਟੀ. ਵੀ. ਚੈਨਲ ਦੇ ਸਰਵੇਖਣ ਵਿਚ ਆਜ਼ਾਦੀ ਤੋਂ ਬਾਅਦ ਭਾਰਤ ਦੇ ਸਭ ਤੋਂ ਵੱਡੇ ਆਗੂ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਚੁੱਕੇ ਹਨ। ਪਰ ਹੁਣ ਗੱਲ ਹੋਰ ਅੱਗੇ ਜਾ ਚੁੱਕੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਉਹਨਾਂ ਨੂੰ ਮਾਨਤਾ ਦੇ ਰਹੀਆਂ ਹਨ, ਉਹਨਾਂ ਦੇ ਬੁੱਤ ਲੱਗ ਰਹੇ ਹਨ, ਜਨਮ ਦਿਨ ਮਨਾਏ ਜਾ ਰਹੇ ਹਨ, ਖੋਜਾਂ ਹੋ ਰਹੀਆਂ ਹਨ, ਪੜ੍ਹਾਈ ਦੌਰਾਨ ਉਹਨਾਂ ਦੀ ਰਿਹਾਇਸ਼ ਵਾਲੀ ਲੰਡਨ ਦੀ ਕੋਠੀ ਅਜਾਇਬ ਘਰ ਬਣਨ ਜਾ ਰਹੀ ਹੈ ਤਾਂ ਨਿਸ਼ਚੇ ਹੀ ਉਹ ਹੁਣ ਅੰਤਰ ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਬਣ ਗਏ ਹਨ। ਇਸੇ ਤਰ੍ਹਾਂ ਦੇ ਮਿਲਦੇ ਜੁਲਦੇ ਵਿਸ਼ੇ 'ਬਾਬਾ ਸਾਹਿਬ ਡਾ. ਅੰਬੇਡਕਰ-ਇਕ ਅੰਤਰ ਰਾਸ਼ਟਰੀ ਸ਼ਖਸੀਅਤ' ਬਾਰੇ ਸੈਮੀਨਾਰ ਪਿਛਲੇ ਦਿਨੀਂ ਪੰਜਾਬ ਯੂਨੀਵਰਸਿਟੀ ਵਿਚ ਕਰਵਾਇਆ ਗਿਆ। ਇਸਦਾ ਆਯੋਜਨ ਆਲ ਇੰਡੀਆ ਪੀ. ਐਂਡ. ਟੀ. ਐਸ. ਸੀ., ਐਸ. ਟੀ. ਇੰਪਲਾਈਜ਼ ਐਸੋਸੀਏਸ਼ਨ, ਪੰਜਾਬ ਸਰਕਲ ਅਤੇ ਪੰਜਾਬ ਯੂਨੀਵਰਸਿਟੀ ਦੀ ਐਸ. ਸੀ., ਐਸ. ਟੀ. ਵਿਦਿਆਰਥੀ ਭਲਾਈ ਯੂਨੀਅਨ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਵਿਚ ਮੁੱਖ ਮਹਿਮਾਨ ਜੇ. ਐਨ. ਯੂ. ਦੇ ਪ੍ਰੋ. ਵਿਵੇਕ ਕੁਮਾਰ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਰਾਜਿਦਰ ਕਸ਼ਿਅਪ ਪੰਜਾਬ ਸਰਕਲ ਦੇ ਪੋਸਟ ਮਾਸਟਰ ਜਨਰਲ, ਸਨ। ਸ੍ਰੀ ਰਾਜਿੰਦਰ ਕਸ਼ਿਅਮ ਨੇ ਸਮਾਜਿਕ ਵਿਵਸਥਾ, ਬਾਬਾ ਸਾਹਿਬ ਦਾ ਸੰਘਰਸ਼, ਉਹਨਾਂ ਦੀ ਮਹਾਨਤਾ, ਦਲਿਤ ਸਮਾਜ ਦੀ ਜਾਗ੍ਰਿਤੀ ਬਾਰੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ, ਜਿਹਨਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ:-

ਬਾਬਾ ਸਾਹਿਬ ਨੇ ਕਿਹਾ ਸੀ ਕਿ ਜੇ ਵਿਚਾਰਾਂ ਦਾ ਮੰਥਨ ਨਾ ਕੀਤਾ ਜਾਵੇ ਤਾਂ ਉਹ ਮਰ ਜਾਂਦੇ ਹਨ। ਜੋ ਹਮੇਸ਼ਾਂ ਸੱਚ ਬੋਲਦਾ ਹੋਵੇ ਉਹ ਮਹਾਨ ਤਾਂ ਹੁੰਦਾ ਹੈ ਪਰ ਕੀ ਸੱਚ ਬੋਲਣਾ ਹੀ ਕਾਫੀ ਹੈ? ਨਹੀਂ ਪ੍ਰਬੁੱਧ ਹੋਣਾ ਸਭ ਤੋਂ ਜ਼ਰੂਰੀ ਹੈ। ਸਮਾਜ ਵਿਚ ਵਾਪਰ ਰਹੇ ਦਵੇਸ਼ਾਂ ਦਾ ਡੱਟ ਕੇ ਵਿਰੋਧ ਹੋਣਾ ਚਾਹੀਦਾ ਹੈ। ਇਹ ਕੰਮ ਤਥਾਗਤ ਬੁੱਧ ਨੇ ਕੀਤਾ ਸੀ, ਈਸਾ ਮਸੀਹ ਨੇ ਕੀਤਾ ਤੇ ਬਾਬਾ ਨਾਨਕ ਨੇ ਕੀਤਾ ਸੀ। ਇਸੇ ਲਈ ਉਹ ਮਹਾਨ ਹਨ। ਮਨੁੱਖ ਨੂੰ ਸਿਰਫ ਭੋਜਨ ਦੀ ਹੀ ਲੋੜ ਨਹੀਂ ਹੁੰਦੀ ਉਸਦੇ ਦਿਮਾਗ ਨੂੰ ਸਹੀ ਵਿਚਾਰਾਂ ਦੀ ਖੁਰਾਕ ਵੀ ਚਾਹੀਦੀ ਹੈ।

ਉਹਨਾਂ ਨੇ ਕਿਹਾ ਕਿ ਮਨੁੱਖ ਦੀ ਪ੍ਰਗਤੀ ਦੇ ਤਿੰਨ ਮੁੱਖ ਰਾਹ ਹੁੰਦੇ ਹਨ। ਸਿੱਖਿਆ, ਧਨ ਅਤੇ ਆਤਮ ਰੱਖਿਆ ਦੇ ਸਾਧਨ। ਇਹ ਤਿੰਨੇ ਰਾਹ ਦਲਿਤ ਸਮਾਜ ਦੇ ਸਦੀਆਂ ਤੋਂ ਬੰਦ ਕੀਤੇ ਹੋਏ ਸਨ ਤਾਂ ਇਸ ਸਮਾਜ ਦੀ ਤਰੱਕੀ ਕਿਵੇਂ ਹੋ ਸਕਦੀ ਸੀ? ਇਹਨਾਂ ਰਾਹਾਂ ਨੂੰ ਖੋਲ੍ਹਣ ਲਈ ਕਈ ਧਾਰਮਿਕ ਅਤੇ ਸਮਾਜਿਕ ਰਹਿਬਰਾਂ ਨੇ ਅਣਥੱਕ ਕੋਸ਼ਿਸ਼ਾਂ ਕੀਤੀਆਂ, ਜਿਹਨਾਂ ਸਦਕਾ ਸਮਾਜ ਵਿਚ ਕੁਝ ਰੌਸ਼ਨੀ ਪੈਦਾ ਹੋਈ। ਬਾਬਾ ਸਾਹਿਬ ਨੇ ਅਨੇਕਾਂ ਔਕੜਾਂ ਪਾਰ ਕਰਦਿਆਂ ਸਾਨੂੰ ਰਾਜਨੀਤਿਕ ਤਾਕਤ ਤਾਂ ਦੁਆ ਦਿੱਤੀ ਪਰ ਜੇ ਇਸਦੇ ਨਾਲ ਸਮਾਜਿਕ ਅਤੇ ਆਰਥਿਕ ਤਾਕਤ ਨਹੀਂ ਮਿਲਦੀ ਤਾਂ ਰਾਜਨੀਤਿਕ ਸੱਤਾ ਵੀ ਬੇਕਾਰ ਬਣ ਕੇ ਰਹਿ ਜਾਵੇਗੀ। ਇਸ ਦੀ ਪ੍ਰਾਪਤੀ ਲਈ ਸਾਨੂੰ ਆਪ ਆਪਣੀ ਲੜਾਈ ਲੜਨੀ ਪਵੇਗੀ। ਉਹਨਾਂ ਆਖਿਆ ਕਿ ਦੁਨੀਆਂ ਵਿਚ ਯਹੂਦੀਆਂ ਦੀ ਗਿਣਤੀ ਸਿਰਫ 1.40 ਕਰੋੜ ਹੈ ਪਰ ਉਹਨਾਂ ਨੇ ਆਪਣੀ ਦਿਮਾਗੀ ਸ਼ਕਤੀ ਦੇ ਸਹਾਰੇ ਅੱਜ ਪੂਰੀ ਦੁਨੀਆਂ ਵਿਚ ਆਪਣੀ ਪੈਂਠ ਬਣਾ ਲਈ ਹੈ। ਉਹਨਾਂ ਦੀ ਪ੍ਰਗਤੀ ਦੇ ਰਾਹ ਵਿਚ ਵੀ ਬਹੁਤ ਰੁਕਾਵਟਾਂ ਸਨ। ਉਹ ਪਾਦਰੀ ਤੱਕ ਨਹੀਂ ਸੀ ਬਣਾਏ ਜਾਂਦੇ ਪਰ ਫਿਰ ਉਹ ਸਮਾਂ ਵੀ ਆਇਆ ਜਦੋਂ ਉਹਨਾਂ ਦੀ ਲਗਾਤਾਰ ਮਿਹਨਤ ਨੇ ਵਿਸ਼ਵ ਪ੍ਰਸਿੱਧ ਵਿਗਿਆਨੀ ਐਨਸਟਾਈਨ, ਮਨੋਵਿਗਿਆਨੀ ਫਰਾਇਡ, ਕਾਰਲ ਮਾਰਕਸ ਅਤੇ ਬੈਂਜਾਮਿਨ ਵਰਗੀਆਂ ਹਸਤੀਆਂ ਦੁਨੀਆਂ ਨੂੰ ਦਿੱਤੀਆਂ। ਦੁਨੀਆਂ ਦਾ ਸਭ ਤੋਂ ਵੱਡਾ ਅਤੇ ਮਹੱਤਵਪੂਰਨ ਇਨਾਮ "ਨੋਬਲ ਪੁਰਸਕਾਰ" 105 ਸਾਲਾਂ ਦੇ ਸਮੇਂ ਵਿਚ ਇਕੱਲੇ ਯਹੂਦੀਆਂ ਨੇ ਪੰਦਰਾਂ ਦਰਜਨ ਪ੍ਰਾਪਤ ਕੀਤੇ ਹਨ। ਅਮਰੀਕਾ ਦਾ ਕਸਿੰਜਰ ਅਤੇ ਯੂ. ਐਸ. ਐਸ. ਆਰ. ਦਾ ਵਿਦੇਸ਼ ਮੰਤਰੀ ਯਹੂਦੀ ਸੀ। ਅਮਰੀਕਾ ਵਿਚ ਅੱਜ ਵੀ ਯਹੂਦੀ ਮਹੱਤਵਪੂਰਨ ਅਹੁਦਿਆਂ ਤੇ ਬੈਠੇ ਦੁਨੀਆਂ ਤੇ ਰਾਜ ਕਰ ਰਹੇ ਹਨ। ਇੱਥੋਂ ਤਾਂਈ ਕਿ ਖੋਜ ਉਤੇ 4 ਬਿਲੀਅਨ ਅਤੇ ਵਿੱਦਿਆ ਉਤੇ 2 ਬਿਲੀਅਨ ਡਾਲਰ ਖਰਚਣ ਵਾਲਾ ਵੀ ਯਹੂਦੀ ਹੀ ਸੀ। ਯਹੂਦੀਆਂ ਨੇ ਆਪਣਾ ਦੇਸ਼ ਵੀ ਬਣਾ ਲਿਆ ਅਤੇ ਜਦੋਂ ਉਨ੍ਹਾਂ ਨੇ ਇਕ ਸਮਰੱਥ ਫੌਜ ਬਣਾਈ ਤਾਂ ਦੁਨੀਆਂ ਦੰਗ ਰਹਿ ਗਈ ਸੀ। ਇਹ ਸਭ ਕੁਝ ਵਿਦਿਆ, ਗਿਆਨ ਅਤੇ ਸਖਤ ਮਿਹਨਤ ਕਰਕੇ ਹੀ ਹੋ ਸਕਿਆ। ਇਹ ਸੋਚਣ ਦਾ ਵਿਸ਼ਾ ਹੈ ਕਿ ਬ੍ਰਾਹਮਣ ਕੋਲ ਸਦੀਆਂ ਤੋਂ ਵਿੱਦਿਆ, ਗਿਆਨ, ਆਰਥਿਕ ਸਾਧਨ ਅਤੇ ਰਾਜ ਸੱਤਾ ਸਭ ਕੁਝ ਰਿਹਾ ਪਰ ਉਹ ਕਿੰਨੇ ਕੁ ਨੋਬਲ ਪੁਰਸਕਾਰ ਲੈ ਸਕੇ?

ਉਹਨਾਂ ਨੇ ਅੱਗੇ ਆਖਿਆ ਕਿ ਬਾਬਾ ਸਾਹਿਬ ਨੇ ਬਚਪਨ ਤੋਂ ਲੈ ਕੇ ਅਨੇਕਾਂ ਮੁਸੀਬਤਾਂ ਦਾ ਟਾਕਰਾ ਕਰਦਿਆਂ ਉੱਚ ਦਰਜੇ ਦੀ ਵਿੱਦਿਆ ਹਾਸਲ ਕੀਤੀ। ਚੇਅਰਮੈਨ ਦੇ ਤੌਰ ਤੇ ਸੰਵਿਧਾਨ ਨਿਰਮਾਣ ਦਾ ਵੱਡਾ ਕਾਰਜ ਨਿਭਾਉਂਦਿਆਂ ਉਹ 23 ਕਮੇਟੀਆਂ ਵਿਚੋਂ 16 ਕਮੇਟੀਆਂ ਦੇ ਮੈਂਬਰ ਰਹੇ। ਜਦੋਂ ਉਹਨਾਂ ਨੂੰ ਐਲ. ਐਲ. ਡੀ. ਦੀ ਡਿਗਰੀ ਮਿਲੀ ਤਾਂ ਸਿਰਫ ਰਾਧਾ ਕ੍ਰਿਸ਼ਨਨ ਉਪ ਰਾਸ਼ਟਰਪਤੀ ਤੋਂ ਸਿਵਾਏ ਕਿਸੇ ਨੇ ਵਧਾਈ ਤੱਕ ਨਾ ਦਿੱਤੀ। ਇਹ ਸੰਕੀਰਣਤਾ ਦੀ ਵੱਡੀ ਮਿਸਾਲ ਹੈ।

ਬਾਬਾ ਸਾਹਿਬ ਨੇ ਕਿਹਾ ਸੀ ਕਿ ਉਹਨਾਂ ਨੇ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦਾ ਵਿਚਾਰ ਤਥਾਗਤ ਬੁੱਧ ਤੋਂ ਲਿਆ ਹੈ। ਬੁੱਧ ਨੇ ਕਿਹਾ ਸੀ ਕਿ ਤੁਸੀਂ ਆਪਣੇ ਦੀਪ ਆਪ ਬਣੋ। ਕਿਸੇ ਦੀ ਆਖੀ ਗੱਲ ਜਾਂ ਵਿਚਾਰ ਇਸੇ ਲਈ ਹੀ ਨਾ ਮੰਨ ਲਓ ਕਿ ਉਹ ਕਿਸੇ ਮਹਾਂਪੁਰਖ ਨੇ ਆਖੀ ਹੈ ਜਾਂ ਕਿਸੇ ਧਾਰਮਿਕ ਗ੍ਰੰਥ ਵਿਚ ਲਿਖੀ ਹੋਈ ਹੈ ਸਗੋਂ ਉਸਨੂੰ ਆਪਣੀ ਬੁੱਧੀ 'ਤੇ ਪਰਖੋ ਅਤੇ ਜੇ ਮੰਨਣਯੋਗ ਸਾਬਤ ਹੋਵੇ ਤਾਂ ਹੀ ਮੰਨੋ। ਅੱਜ ਬਾਬਾ ਸਾਹਿਬ ਆਜ਼ਾਦੀ ਤੋਂ ਬਾਅਦ ਦੇ ਸਭ ਤੋਂ ਵੱਡੇ ਆਗੂ ਮੰਨੇ ਜਾ ਚੁੱਕੇ ਹਨ। ਇਕ ਵੱਡੇ ਲੇਖਕ ਗੂਹਾ ਨੇ ਤਾਂ ਉਹਨਾਂ ਨੂੰ ਅਜੋਕੇ ਭਾਰਤ ਦਾ ਨਿਰਮਾਣ ਕਰਤਾ ਮੰਨਿਆ ਹੈ। ਬਾਬਾ ਸਾਹਿਬ ਵੱਲੋਂ ਤਿਆਰ ਕੀਤਾ ਭਾਸ਼ਣ ਅੱਜ ਇਕ ਅਜਿਹੀ ਮਹੱਤਵਪੂਰਨ ਪੁਸਤਕ (ਜਾਤਪਾਤ ਦਾ ਬੀਜ ਨਾਸ) ਦਾ ਰੂਪ ਲੈ ਚੁੱਕਾ ਹੈ ਜੋ ਦੁਨੀਆਂ ਦੀ 100 ਮਹੱਤਵਪੂਰਨ ਪੁਸਤਕਾਂ ਵਿਚ ਸ਼ਾਮਲ ਕੀਤੀ ਜਾ ਚੁੱਕੀ ਹੈ। ਇਹ ਸਭ ਕੁਝ ਸਿੱਧ ਕਰਦਾ ਹੈ ਕਿ ਬਾਬਾ ਸਾਹਿਬ ਹੁਣ ਵਿਸ਼ਵ ਦੇ ਨਕਸ਼ੇ 'ਤੇ ਉਭਰ ਚੁੱਕੇ ਹਨ ਅਤੇ ਇਕ ਅੰਤਰ ਰਾਸ਼ਟਰੀ ਹਸਤੀ ਬਣ ਚੁੱਕੇ ਹਨ। ਸਾਨੂੰ ਵੀ ਉਹਨਾਂ ਦੀਆਂ ਖੋਜਾਂ, ਸਿੱਖਿਆਵਾਂ ਅਤੇ ਗਿਆਨ ਦੇ ਜ਼ਰੀਏ ਸੋਚਣਾ ਚਾਹੀਦਾ ਹੈ ਕਿ ਸਾਡਾ ਸ਼ੋਸ਼ਣ ਕਿਉਂ ਹੁੰਦਾ ਰਿਹਾ ਅਤੇ ਹੁਣ ਅਸੀਂ ਇਸਦੇ ਬਾਵਜੂਦ ਵੀ ਅੱਗੇ ਕਿਵੇਂ ਵਧਣਾ ਹੈ।

ਮੁੱਖ ਮਹਿਮਾਨ ਸ੍ਰੀ ਵਿਵੇਕ ਕੁਮਾਰ (ਜੋ ਅਕਸਰ ਦਲਿਤਾਂ ਸਬੰਧੀ ਟੀ. ਵੀ. ਚੈਨਲਾਂ ਤੇ ਚਲਦੀ ਬਹਿਸ ਵਿਚ ਦਲਿਤਾਂ ਦੇ ਹੱਕ ਵਿਚ ਬਾਦਲੀਲ ਬਹਿਸ ਕਰਦੇ ਹਨ), ਨੇ ਆਪਣੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਵਿਸਥਾਰਪੂਰਵਕ ਭਾਸ਼ਣ ਵਿਚ ਬਾਬਾ ਸਾਹਿਬ ਦੇ ਸੰਘਰਸ਼ ਅਤੇ ਪ੍ਰਾਪਤੀਆਂ ਸਮੇਤ ਸਮਾਜਿਕ ਹਾਲਾਤ ਅਤੇ ਰਾਖਵਾਂਕਰਨ ਦੀ ਗੱਲ ਕਰਦਿਆਂ ਉਹਨਾਂ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਸ਼ਖਸੀਅਤ ਸਾਬਤ ਕੀਤਾ। ਉਹਨਾਂ ਦੇ ਭਾਸ਼ਣ ਦਾ ਸੰਖੇਪ ਇਸ ਤਰ੍ਹਾਂ ਸੀ:-

ਅਸੀਂ ਅੱਜ ਬਾਬਾ ਸਾਹਿਬ ਦੇ ਨਾਂ 'ਤੇ ਭਾਈਚਾਰਾ ਬਣਾਉਣ ਲਈ ਇਕੱਤਰ ਹੋਏ ਹਾਂ। ਸਾਡੇ ਸਮਾਜ ਵਿਚ ਭਾਈਚਾਰਕ ਸਾਂਝ ਦੀ ਕਮੀ ਹੈ। ਅਨੇਕਾਂ ਜਾਤਾਂ ਅਤੇ ਧਰਮ ਇਸ ਵਿਚ ਰੁਕਾਵਟ ਬਣਦੇ ਹਨ। ਕਾਂਸ਼ੀ ਰਾਮ ਜੀ ਨੇ ਬਾਮਸੇਫ ਰਾਹੀਂ ਭਾਈਚਾਰਕ ਸਾਂਝ ਬਣਾਉਣ ਦਾ ਸੰਦੇਸ਼ ਦਿੱਤਾ ਸੀ। ਉਹਨਾਂ ਨੇ ਤਥਾਗਤ ਬੁੱਧ ਤੋਂ ਲੈ ਕੇ ਰਵਿਦਾਸ ਜੀ ਤੱਕ ਅਤੇ ਮਹਾਤਮਾ ਫੂਲੇ, ਪੈਰੀਆਰ, ਨਰਾਇਣਾ ਗੁਰੂ, ਮਹਾਰਾਜਾ ਕੋਹਲਾਪੁਰ ਅਤੇ ਡਾ. ਅੰਬੇਡਕਰ ਤੱਕ ਦਾ ਇਤਿਹਾਸ ਬੜੀ ਆਸਾਨੀ ਨਾਲ ਇਕ ਲਾਈਨ ਵਿਚ ਸਮਝਾ ਦਿੱਤਾ ਸੀ। ਇਹ ਬੜੇ ਮਾਣ ਦੀ ਗੱਲ ਹੈ ਕਿ ਤੁਸੀਂ (ਪੰਜਾਬੀ) ਸਾਨੂੰ ਕਾਂਸ਼ੀ ਰਾਮ ਜੀ ਦਿੱਤੇ, ਅਸੀਂ (ਯੂ. ਪੀ.) ਤੁਹਾਨੂੰ ਰਵਿਦਾਸ ਜੀ ਦਿੱਤੇ। ਸਾਨੂੰ ਮੰਥਨ ਕਰਨਾ ਚਾਹੀਦਾ ਹੈ ਕਿ ਤਥਾਗਤ ਬੁੱਧ, ਰਵਿਦਾਸ ਜੀ, ਕਬੀਰ ਜੀ ਅਤੇ ਮਹਾਤਮਾ ਫੂਲੇ ਤੋਂ ਡਾ. ਅੰਬੇਡਕਰ ਤੱਕ ਦੇ ਮਹਾਂਪੁਰਖਾਂ ਦੇ ਵਿਚਾਰ ਕਿੱਥੇ ਮੇਲ ਖਾਂਦੇ ਹਨ।

ਉਹਨਾਂ ਨੇ ਅੱਗੋਂ ਆਖਿਆ ਕਿ ਅੱਜ ਅਸੀਂ ਬਾਬਾ ਸਾਹਿਬ ਦਾ 125ਵਾਂ ਜਨਮ ਦਿਨ ਮਨਾ ਰਹੇ ਹਾਂ। ਮੈਨੂੰ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਅੱਜ ਉਹ ਸਿਰਫ ਦਲਿਤਾਂ ਦੇ ਮਸੀਹਾ ਹੀ ਨਹੀਂ ਰਹੇ ਸਗੋਂ ਉਹ ਸੰਸਾਰ ਪ੍ਰਸਿੱਧ ਸਖਸ਼ੀਅਤ ਬਣ ਚੁੱਕੇ ਹਨ। ਬਾਬਾ ਸਾਹਿਬ ਨੇ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕੀਤਾ। ਸੰਵਿਧਾਨ ਦਾ ਨਿਰਮਾਣ ਕਰਨਾ ਰਾਸ਼ਟਰ ਨਿਰਮਾਣ ਕਰਨਾ ਹੁੰਦਾ ਹੈ। ਇਸ ਲਈ ਉਹ ਰਾਸ਼ਟਰ ਨਿਰਮਾਤਾ ਸਨ। ਉਹਨਾਂ ਦਾ ਮੰਨਣਾ ਸੀ ਕਿ ਭਾਰਤ ਦੇਸ਼ ਅਨੇਕਾਂ ਜਾਤਾਂ ਅਤੇ ਧਰਮਾਂ ਦਾ ਦੇਸ਼ ਹੁੰਦਿਆਂ ਇਕ ਭਾਈਚਾਰਾ ਨਹੀਂ ਬਣ ਰਿਹਾ ਤਾਂ ਫਿਰ ਇਕ ਰਾਸ਼ਟਰ ਕਿਵੇਂ ਬਣ ਸਕਦਾ ਹੈ। ਇਹ ਕਈ ਸਮੂਹਾਂ ਦਾ ਜਮਾਵੜਾ ਹੈ। ਸਭਨਾਂ ਨੂੰ ਬਰਾਬਰ ਦੀ ਪੱਧਰ ਤੇ ਲਿਆ ਕੇ ਹੀ ਇਕ ਦੇਸ਼ ਬਣ ਸਕਦਾ ਹੈ। ਇੱਥੇ ਦੀ ਭਾਵੇਂ ਨਾ ਭਾਸ਼ਾ ਇਕ ਹੈ, ਨਾ ਪਹਿਰਾਵਾ ਤੇ ਖਾਣ-ਪੀਣ ਦੀਆਂ ਆਦਤਾਂ ਇਕ ਹਨ, ਪਰ ਫਿਰ ਵੀ ਇਕ ਰਾਸ਼ਟਰ ਬਣਾਉਣਾ ਹੈ ਤਾਂ ਸਭ ਨੂੰ ਬਰਾਬਰਤਾ ਤਾਂ ਦੇਣੀ ਹੀ ਪਵੇਗੀ।

ਫਰਾਂਸ ਵਿਚ ਵੀ ਕਈ ਧਰਮ ਅਤੇ ਭਾਸ਼ਾਵਾਂ ਹਨ ਪਰ ਸਭ ਨੂੰ ਬਰਾਬਰਤਾ ਮਿਲਣ ਕਰਕੇ ਫਰਾਂਸ ਦੇਸ਼ ਇੱਕਜੁਟ ਹੈ। ਪਰ ਸਾਡਾ ਇਹ ਆਲਮ ਹੈ ਕਿ ਜੇ ਅਸੀਂ ਚੰਗੇ ਕੱਪੜੇ ਪਾ ਵੀ ਲਈਏ ਤਾਂ ਦੂਜੇ ਦੁਖੀ ਹੋ ਜਾਂਦੇ ਹਨ, ਫਿਰ ਭਾਈਚਾਰਾ ਕਿਵੇਂ ਬਣ ਸਕਦਾ ਹੈ ਤੇ ਕਿਵੇਂ ਇਕ ਰਾਸ਼ਟਰ ਬਣ ਸਕਦਾ ਹੈ? ਇਹ ਸੋਚਣ ਦਾ ਵਿਸ਼ਾ ਹੈ।

ਰਾਖਵਾਂਕਰਨ ਬਾਰੇ ਬੋਲਦਿਆਂ ਉਹਨਾਂ ਨੇ ਆਖਿਆ ਕਿ ਇਹ ਰਾਖਵਾਂਕਰਨ ਦਾ ਮਸਲਾ ਨਹੀਂ ਸਗੋਂ ਇਹ ਨੁਮਾਇੰਦਗੀ ਜਾਂ ਹਿੱਸੇਦਾਰੀ ਦਾ ਮਾਮਲਾ ਹੈ। ਇਹ ਕੋਈ ਗਰੀਬੀ ਦੂਰ ਕਰਨ ਦਾ ਵੀ ਪ੍ਰੋਗਰਾਮ ਨਹੀਂ ਹੈ। ਕਿਉਂਕਿ ਸੰਵਿਧਾਨ ਨਿਰਮਾਣ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਹੈ, ਇਸ ਲਈ ਲੋੜਵੰਦ ਲੋਕਾਂ ਲਈ ਨੁਮਾਇੰਦਗੀ ਦਾ ਪ੍ਰਾਵਧਾਨ ਕੀਤਾ ਗਿਆ ਹੈ ਜੋ ਰਾਸ਼ਟਰ ਨਿਰਮਾਣ ਦੇ ਹਿੱਤ ਵਿਚ ਬਹੁਤ ਜ਼ਰੂਰੀ ਹੈ।

ਉਹਨਾਂ ਨੇ ਅੱਗੇ ਆਖਿਆ ਕਿ ਇਹ ਨੁਮਾਇੰਦਗੀ ਦੇਣ ਲੱਗਿਆਂ ਯੋਗਤਾ ਦੀ ਗੱਲ ਆਮ ਕੀਤੀ ਜਾਂਦੀ ਹੈ। ਯੋਗਤਾ ਦੀ ਪਰਿਭਾਸ਼ਾ ਕੀ ਹੈ? ਦਲਿਤ ਸਮਾਜ ਤਾਂ ਦੋ ਕੁ ਪੀਹੜੀਆਂ ਤੋਂ ਮਸਾਂ ਵਿਦਿਆ ਪ੍ਰਾਪਤ ਕਰਨ ਲੱਗਿਆ ਹੈ ਜਦੋਂ ਕਿ ਮੁਕਾਬਲੇ ਵਿਚ ਦੂਜੇ ਪਾਸੇ ਸਦੀਆਂ ਤੋਂ ਸਿੱਖਿਅਤ ਲੋਕ ਹਨ। ਪਰ ਫਿਰ ਵੀ ਜਦੋਂ ਕਦੇ ਮੌਕਾ ਮਿਲਿਆ ਅਸੀਂ ਆਪਣੀ ਯੋਗਤਾ ਸਿੱਧ ਕੀਤੀ ਹੈ। ਮਹਾਂਕਵੀ ਦੀ ਲੋੜ ਪਈ ਤਾਂ ਮਹਾਂਕਵੀ ਵਾਲਮੀਕ ਜੀ ਹਾਜ਼ਰ ਹਨ, ਵੇਦ ਲਿਖਣ ਦੀ ਲੋੜ ਪਈ ਤਾਂ ਵੇਦ ਵਿਆਸ ਜੀ ਹਾਜ਼ਰ ਹਨ, ਸੰਵਿਧਾਨ ਲਿਖਣ ਦੀ ਲੋੜ ਪਈ ਤਾਂ ਡਾ. ਅੰਬੇਡਕਰ ਹਾਜ਼ਰ ਹੈ। ਫਿਰ ਵੀ ਇਲਜ਼ਾਮ ਲੱਗਦਾ ਹੈ ਕਿ ਮੈਰਿਟ ਨਹੀਂ। ਮੌਕਾ ਤਾਂ ਦਿਓ ਅਸੀਂ ਤਾਂ ਮੈਰਿਟ ਤੇ ਪੂਰੇ ਉਤਰਦੇ ਆ ਰਹੇ ਹਾਂ।

ਇੱਥੋਂ ਤਾਈਂ ਕਿ ਜਨਮ ਦਿਵਾਉਣ ਵਾਲੀਆਂ ਦਾਈਆਂ ਵਿਚ ਵੀ 44 ਫੀਸਦੀ ਦਲਿਤ ਹਨ। ਫਿਰ ਆਖਦੇ ਹਨ ਮੈਰਿਟ ਨਹੀਂ। ਤੁਸੀਂ ਪੀੜ੍ਹੀ ਦਰ ਪੀੜ੍ਹੀ ਵਿਦਵਾਨ, ਗਿਆਨੀ, ਤੇ ਸੱਤਾਧਾਰੀ ਬਣੇ ਆ ਰਹੇ ਹੋ ਪਰ ਹੁਣ ਤੱਕ ਇਕ ਵਿਸ਼ਵ ਪੱਧਰ ਦੀ ਯੂਨੀਵਰਸਿਟੀ ਵੀ ਕਿਉਂ ਨਹੀਂ ਤਿਆਰ ਕਰ ਸਕੇ? ਦੁਨੀਆਂ ਦੀਆਂ ਉਪਰਲੀਆਂ 500 ਯੂਨੀਵਰਸਿਟੀਆਂ ਵਿਚ ਭਾਰਤ ਦੀ ਇਕ ਵੀ ਯੂਨੀਵਰਸਿਟੀ ਸ਼ਾਮਲ ਨਹੀਂ ਹੋ ਸਕੀ। ਕਿੱਥੇ ਗਈ ਮੈਰਿਟ? ਇਹ ਨੁਮਾਇੰਦਗੀ / ਪ੍ਰਤੀਨਿਧਤਾ (ਰਾਖਵਾਂਕਰਨ) ਕੋਈ ਭੀਖ ਜਾਂ ਖੈਰਾਤ ਨਹੀਂ ਹੈ। ਇਹ ਸਦੀਆਂ ਤੋਂ ਹੋਏ ਅੱਤਿਆਚਾਰ ਅਤੇ ਜਾਤੀ ਆਧਾਰ 'ਤੇ ਹੋਏ ਅੱਨਿਆਂ ਨੂੰ ਮਿਟਾਉਣ ਦੇ ਲਈ ਦਿੱਤੀ ਗਈ ਹੈ। ਜਦੋਂ ਤੱਕ ਇਹ ਜਾਤੀ ਆਧਾਰਿਤ ਗੈਰ-ਬਰਾਬਰੀ ਮਿਟ ਨਹੀਂ ਜਾਂਦੀ ਇਹ ਪ੍ਰਤੀਨਿਧਤਾ ਜਾਰੀ ਰਹੇਗੀ।

ਇਹ ਧਾਰਨਾ ਵੀ ਗਲਤ ਹੈ ਕਿ ਰਾਖਵਾਂਕਰਨ 10 ਸਾਲਾਂ ਲਈ ਦਿੱਤਾ ਗਿਆ ਸੀ। ਰਾਜਨੀਤਿਕ ਰਾਖਵਾਂਕਰਨ 10 ਸਾਲਾਂ ਲਈ ਦਿੱਤਾ ਗਿਆ ਸੀ। ਨੌਕਰੀਆਂ ਅਤੇ ਵਿੱਦਿਆ ਦੀ ਪ੍ਰਤੀਨਿਧਤਾ ਸਮਾਂਬੱਧ ਨਹੀਂ ਹੈ। ਇਹ ਬਰਾਬਰਤਾ ਆਉਣ ਤੱਕ ਜਾਰੀ ਰਹੇਗੀ।

ਉਹਨਾਂ ਨੇ ਅੱਗੇ ਕਿਹਾ ਕਿ ਸਾਨੂੰ ਇਕ ਸਕਾਰਾਤਮਕ ਸੋਚ ਲੈ ਕੇ ਅੱਗੇ ਵਧਣਾ ਪਵੇਗਾ। ਨਕਾਰਾਤਮਕ ਸੋਚ ਅਤੇ ਪ੍ਰਤੀਕਰਮ ਤੋਂ ਪਰਹੇਜ਼ ਕਰਨਾ ਪਵੇਗਾ। ਕਾਂਸ਼ੀ ਰਾਮ ਜੀ ਅਨੁਸਾਰ ਪਾਣੀ ਦਾ ਭਰਿਆ ਅੱਧਾ ਗਲਾਸ ਹੀ ਵੇਖੋ ਖਾਲੀ ਅੱਧਾ ਨਹੀਂ। ਇਸ ਸੋਚ ਨਾਲ ਜਾਰੀ ਰੱਖਿਆ ਸੰਘਰਸ਼ ਜ਼ਰੂਰ ਸਫਲ ਹੋਵੇਗਾ।

ਪ੍ਰੋਫੈਸਰ ਸਾਹਿਬ ਨੇ ਅੱਗੇ ਦੱਸਿਆ ਕਿ ਅਜੋਕੀਆਂ ਸਰਕਾਰਾਂ ਅਸਲੀ ਮਾਅਨਿਆਂ ਵਿਚ ਲੋਕਾਂ ਲਈ ਨਹੀਂ ਹਨ। ਇਕ ਚੰਗੀ ਤੇ ਲੋਕਾਂ ਦੀ ਪ੍ਰਤੀਨਿਧ ਸਰਕਾਰ ਵਿਚ ਤਿੰਨ ਖੂਬੀਆਂ ਹੋਣੀਆਂ ਲਾਜ਼ਮੀ ਹਨ:-

1. ਸਹੀ ਪ੍ਰਤੀਨਿਧਤਾ:- ਜਿਵੇਂ ਕਿ ਕਾਂਸ਼ੀ ਰਾਮ ਜੀ ਨੇ ਨਾਅਰਾ ਦਿੱਤਾ ਸੀ, "ਵੋਟ ਹਮਾਰਾ ਰਾਜ ਤੁਮਹਾਰਾ, ਨਹੀਂ ਚਲੇਗਾ।" ਜਿਹਨਾਂ ਦੀਆਂ ਵੋਟਾਂ ਵੱਧ ਹਨ, ਉਹਨਾਂ ਦੀ ਹੀ ਸਰਕਾਰ ਹੋਣੀ ਚਾਹੀਦੀ ਹੈ।

2. ਜਮਹੂਰੀਅਤ:- ਕੋਈ ਰਾਜਾ ਜਾਂ ਕੋਈ ਵਿਅਕਤੀ ਖਾਸ ਨਹੀਂ ਹੈ। ਸਭ ਬਰਾਬਰ ਹਨ। ਰਾਜੇ ਲਈ ਰੰਕ ਕਾਨੂੰਨ ਬਣਾਵੇਗਾ ਤਾਂ ਹੀ ਅਸਲੀ ਜਮਹੂਰੀਅਤ ਬਣੇਗੀ।

3. ਨੈਤਿਕਤਾ: ਸਰਕਾਰ ਅਤੇ ਇਸਦੇ ਮੈਂਬਰਾਂ ਵਿਚ ਨੈਤਿਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਸਰਕਾਰ ਆਪ ਵੀ ਨੈਤਿਕਤਾ ਦੇ ਰਾਹ ਤੇ ਚੱਲੇ ਅਤੇ ਲੋਕਾਂ ਨੂੰ ਵੀ ਇਹੀ ਸੇਧ ਦੇਵੇ। ਪਰ ਅਸਫੋਸ ਸਾਡੀਆਂ ਸਰਕਾਰਾਂ ਵਿਚ ਇਹ ਤਿੰਨੇ ਗੁਣ ਅਲੋਪ ਹੁੰਦੇ ਹਨ, ਜਿਸ ਕਰਕੇ ਲੋਕਾਂ ਦੀ ਪ੍ਰਤੀਨਿਧ ਨਹੀਂ ਬਣ ਸਕਦੀਆਂ।

ਬਾਬਾ ਸਾਹਿਬ ਬਾਰੇ ਉਹਨਾਂ ਕਿਹਾ ਕਿ ਨਿਸ਼ਚੇ ਹੀ ਡਾ. ਅੰਬੇਡਕਰ ਹੁਣ ਅੰਤਰ ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਬਣ ਚੁੱਕੇ ਹਨ। ਭਾਵੇਂ ਇਹ ਪ੍ਰਕਿਰਿਆ 1916 ਵਿਚ ਹੀ ਸ਼ੁਰੂ ਹੋ ਗਈ ਸੀ ਜਦੋਂ ਉਹਨਾਂ ਦਾ ਆਪਣਾ ਖੋਜ ਪੱਤਰ 'ਕਾਸਟ ਜੈਨਸਿਸ' ਸੰਪੂਰਨ ਹੋਇਆ ਅਤੇ ਉਹ 1917 ਵਿਚ ਇਕ ਅੰਤਰ ਰਾਸ਼ਟਰੀ ਰਸਾਲੇ ਵਿਚ ਛਪਿਆ। ਕੋਲੰਬੀਆ ਯੂਨੀਵਰਸਿਟੀ ਵਿਚ ਲੱਗੇ ਬਾਬਾ ਸਾਹਿਬ ਦੇ ਬੁੱਤ ਦੇ ਹੇਠਾਂ ਲਿਖਿਆ ਗਿਆ ਹੈ ਕਿ ਇਹ ਭਾਰਤ ਵਿਚ ਜੰਮੇ ਅਤੇ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਖਾਤਰ ਲੜੇ। ਫਿਰ 1969 ਵਿਚ ਮੈਡਮ ਇਜੀਲਿਟ ਨੇ ਬਾਬਾ ਸਾਹਿਬ 'ਤੇ ਖੋਜ ਗ੍ਰੰਥ ਲਿਖਿਆ ਤਾਂ ਉਹਨਾਂ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਮਿਲੀ। ਪੈਰੀ ਐਂਡਰਸਨ ਵਰਗੇ ਅੰਤਰ ਰਾਸ਼ਟਰੀ ਲੇਖਕ ਬਾਬਾ ਸਾਹਿਬ 'ਤੇ ਪੁਸਤਕ ਲਿਖਦਿਆਂ ਆਖਦੇ ਹਨ ਕਿ ਜਦੋਂ ਉਹ ਬਾਬਾ ਸਾਹਿਬ ਦੀਆਂ ਲਿਖਤਾਂ ਪੜ੍ਹਦੇ ਹਨ ਤਾਂ ਕਿਸੇ ਹੋਰ ਹੀ ਦੂਜੀ ਦੁਨੀਆਂ ਵਿਚ ਗੁਆਚ ਜਾਂਦੇ ਹਨ। ਦੁਨੀਆਂ ਦੇ ਘੱਟੋ ਘੱਟ 14 ਸਮਾਜ ਸ਼ਾਸਤਰੀ ਮੰਨ ਚੁੱਕੇ ਹਨ ਕਿ ਡਾ. ਅੰਬੇਡਕਰ ਦਾ ਮੁਕਾਬਲਾ ਇਟਲੀ ਦੇ ਮਹਾਨ ਫਿਲਾਸਫਰ ਐਂਟੋਨਿਓ ਨਾਲ ਹੈ। ਅੱਜ ਵਿਦੇਸ਼ਾਂ ਵਿਚ ਬਾਬਾ ਸਾਹਿਬ ਦੇ ਬੁੱਤ ਲੱਗ ਰਹੇ ਹਨ।

ਅਮਰੀਕਾ, ਕੈਨੇਡਾ, ਸਪੇਨ, ਜਰਮਨ, ਇੰਗਲੈਂਡ, ਜਾਪਾਨ, ਆਸਟਰੀਆ, ਆਸਟ੍ਰੇਲੀਆ ਆਦਿ ਵਿਚ ਉਹਨਾਂ ਦੇ ਜਨਮ ਦਿਨ ਬੜੀ ਧੂੰਮ ਧਾਮ ਨਾਲ ਮਨਾਏ ਜਾ ਰਹੇ ਹਨ। ਇਹ ਸਾਰਾ ਵਰਤਾਰਾ ਇਹੀ ਸਾਬਤ ਕਰਦਾ ਹੈ ਕਿ ਬਾਬਾ ਸਾਹਿਬ ਅੰਤਰ ਰਾਸ਼ਟਰੀ ਪ੍ਰਸਿੱਧੀ ਪਾ ਚੁੱਕੇ ਹਨ ਤੇ ਵਿਸ਼ਵ ਸ਼ਖਸੀਅਤ ਸਥਾਪਤ ਹੋ ਚੁੱਕੇ ਹਨ।

ਅੰਤ ਵਿਚ ਪ੍ਰੋਫੈਸਰ ਵਿਵੇਕ ਕੁਮਾਰ ਨੇ ਕਿਹਾ ਕਿ ਅੱਜ ਹੁਣ ਜਦੋਂ ਤੁਸੀਂ ਇੱਥੋਂ ਜਾਓਗੇ ਤਾਂ ਇਹੀ ਪ੍ਰਣ ਕਰਕੇ ਜਾਣਾ ਹੈ ਕਿ ਜਿਸ ਨਵੇਂ ਸਮਾਜ ਦੀ ਨੀਂਹ ਰੱਖੀ ਜਾ ਚੁੱਕੀ ਹੈ, ਤੁਸੀਂ ਉਸ ਵਿਚ ਆਪਣਾ ਹਿੱਸਾ ਵੱਧ ਚੜ੍ਹ ਕੇ ਪਾਓਗੇ ਅਤੇ ਇਕ ਨਵਾਂ ਰਾਸ਼ਟਰ ਅਤੇ ਨਵਾਂ ਸਭਿਆਚਾਰ ਬਣਨ ਵਿਚ ਹਰ ਸੰਭਵ ਯਤਨ ਕਰੋਗੇ।




# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈਆਂ

## ਆਓ ਸਾਰੇ ਰਲ ਮਿਲ ਕੇ ਇਸ ਗੁਰਪੁਰਬ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਪਵਿੱਤਰ ਜੀਵਨ ਤੋਂ ਸੇਧ ਲੈਣ ਦਾ ਪ੍ਰਣ ਕਰੀਏ।



# Baba Deep Singh Welfare Society USA




# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈਆਂ


ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ)



## ਸਵਰਗਵਾਸੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ

ਸੋਹੰ ਹਰਿ ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 29 ਨਵੰਬਰ 2015 (ਦਿਨ ਐਤਵਾਰ) ਨੂੰ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਖੇ ਮਨਾਇਆ ਜਾ ਰਿਹਾ ਹੈ।





## ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 27 ਨਵੰਬਰ 2015 ਨੂੰ ਸਵੇਰੇ 10 ਵਜੇ ਆਰੰਭ ਹੋਣਗੇ
ਅਖੰਡ ਪਾਠ ਸਾਹਿਬ ਜੀ ਦੇ ਭੋਗ 29 ਨਵੰਬਰ 2015 (ਦਿਨ ਐਤਵਾਰ) ਨੂੰ ਸਵੇਰੇ 10 ਵਜੇ ਪਾਏ ਜਾਣਗੇ

ਉਪਰੰਤ ਪ੍ਰਸਿੱਧ ਰਾਗੀ, ਕਥਾਵਾਚਕ ਅਤੇ ਪ੍ਰਚਾਰਕ ਗੁਰੂ ਨਾਲ ਜੋੜਨ ਲਈ ਧਾਰਮਿਕ ਉਪਦੇਸ਼ ਦੇਣਗੇ ਅਤੇ ਬੁਲਾਰੇ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

ਪ੍ਰਬੰਧਕ ਕਮੇਟੀ

ਚੇਅਰਮੈਨ- ਸ਼ਿੰਦਰ ਪਾਲ ਨਰਬਟ
ਪ੍ਰਧਾਨ- ਸੋਮ ਨਾਥ ਭਾਟੀਆ
ਜਨਰਲ ਸਕੱਤਰ- ਦਿਲਬਾਗ ਸਿੰਘ
ਖਜਾਨਚੀ- ਜਸਵੀਰ ਚਾਹਲ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।।
ਚਰਨ ਧੋਇ ਰਹਿਰਾਸ ਕਰ ਚਰਨਮ੍ਰਿਤ ਸਿੱਖਾਂ ਪੀਲਾਯਾ।।



Mrs. Swaran Kaur Virdi W/O Late Sh. Jarnail Virdi
With her son Mr. Pawan Virdi & daughter-in-law
Mrs. Sunita Virdi and grandson & grand daughters




## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈਆਂ

ਵੱਲੋਂ **ਸਵਰਨ ਕੌਰ ਵਿਰਦੀ**

**ਸੁਪਤਨੀ ਸਵਰਗਵਾਸੀ ਸ੍ਰੀ ਜਰਨੈਲ ਵਿਰਦੀ**

**ਸਮੂਹ ਵਿਰਦੀ ਪਰਿਵਾਰ**



ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈਆਂ

ਵੱਲੋਂ

# ਪ੍ਰੀਤਮ ਸਿੰਘ ਗਰੇਵਾਲ
# ਦੇਵ ਸਿੰਘ ਗਰੇਵਾਲ



ਸ. ਦੇਵ ਸਿੰਘ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

# ਇਕ ਸਧਾਰਨ ਬਿਜਨਸਮੈਨ

## ਗੁਰੂ ਨਾਨਕ ਦੇਵ ਜੀ ਦੇ 546ਵੇਂ ਪਾਵਨ ਪ੍ਰਕਾਸ਼ ਪੁਰਬ 'ਤੇ



# 'ਛੋਡੀ ਲੇ ਪਾਖੰਡਾ, ਨਾਮਿ ਲਇਐ ਜਾਹਿ ਤਰੰਦਾ'

ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ 'ਚ ਸੰਸਾਰਕ ਲੋਕਾਈ ਨੂੰ ਇਕ ਨਵੀਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਦਿਸ਼ਾ ਪ੍ਰਦਾਨ ਕੀਤੀ। ਇਨਸਾਨ ਨੂੰ ਆਪਣੀ ਆਰਥਿਕ ਦਸ਼ਾ ਤੇ ਜੀਵਨ ਦਾ ਨਿਰਵਾਹ ਕਰਨ ਲਈ ਸੱਚ-ਹੱਕ ਦੀ ਕਿਰਤ-ਕਮਾਈ ਕਰਕੇ ਗੁਜ਼ਾਰਾ ਕਰਨ ਦੀ ਜੋ ਨਵੀਂ ਵਿਗਿਆਨਕ ਚੇਤਨਤਾ ਦਿੱਤੀ ਤੇ ਇਹ ਵੀ ਕਿਹਾ ਇਸ ਮਿਹਨਤ ਦੀ ਕਮਾਈ 'ਚੋਂ ਕੁਝ ਬੱਚਤ ਕਰਕੇ ਕਿਸੇ ਗਰੀਬ ਦੀ ਮਦਦ ਵੀ ਕਰਨੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈਸਵੀ ਦੀ ਕੱਤਕ ਸੁਦੀ ਦੀ ਪੂਰਨਮਾਸ਼ੀ ਵਾਲੇ ਦਿਨ ਰਾਇ ਭੋਏ ਦੀ ਤਲਵੰਡੀ (ਹੁਣ ਪਾਕਿਸਤਾਨ) ਵਿਖੇ ਹੋਇਆ। ਇਸ ਨੂੰ ਅੱਜਕਲ੍ਹ ਸ੍ਰੀ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਦੇ ਪਿਤਾ ਜੀ ਦਾ ਨਾਮ ਕਲਿਆਣ ਦਾਸ (ਮਹਿਤਾ ਕਾਲੂ) ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਤ੍ਰਿਪਤਾ ਜੀ ਸੀ। ਗੁਰੂ ਸਾਹਿਬ ਦੀ ਇਕ ਵੱਡੀ ਭੈਣ ਵੀ ਸੀ ਜਿਸ ਦਾ ਨਾਮ ਨਾਨਕੀ ਜੀ ਸੀ। ਉਨ੍ਹਾਂ ਦੀ ਭੈਣ ਗੁਰੂ ਜੀ ਤੋਂ ਉਮਰ 'ਚ ਕਾਫੀ ਵੱਡੀ ਸੀ। ਸਿੱਖ ਇਤਿਹਾਸ 'ਚ ਉਨ੍ਹਾਂ ਦਾ ਨਾਮ ਬੀਬੀ ਨਾਨਕੀ ਜਾਂ ਭੈਣ ਨਾਨਕੀ ਕਰਕੇ ਵੀ ਪ੍ਰਸਿੱਧ ਹੈ। ਭੈਣ ਨਾਨਕੀ ਦਾ ਇਹ ਨਾਮ ਇਸ ਕਰਕੇ ਰੱਖਿਆ ਗਿਆ ਸੀ ਕਿਉਂਕਿ ਉਨ੍ਹਾਂ ਦਾ ਜਨਮ ਨਾਨਕੇ ਘਰ 'ਚ ਹੋਇਆ ਸੀ।

ਗੁਰੂ ਨਾਨਕ ਦੇਵ ਜੀ ਇਤਿਹਾਸ ਦੇ ਇਕ ਨਾਇਕ ਹੀ ਨਹੀਂ ਬਲਕਿ ਨੂਰਾਨੀ ਜੋਤ, ਗਿਆਨ ਦੀ ਜਗਮਗ ਕਰਦੀ ਮਿਸ਼ਾਲ, ਰੱਬੀ ਰਹਿਮਤਾਂ ਤੇ ਬਖਸ਼ਿਸ਼ਾਂ ਦਾ ਅਤੁੱਟ ਭੰਡਾਰ ਹਨ। ਧਰਮ-ਅਰਥ, ਸਮਾਜ ਤੇ ਰਾਜਨੀਤੀ ਦੀ ਸੂਹੀ ਸੱਜਰੀ ਸਵੇਰ ਅਤੇ ਆਸ਼ਾ ਤੇ ਆਸਥਾ ਦੀ ਸ਼ੁਭ ਪ੍ਰਭਾਤ ਹਨ। ਭਾਈ ਗੁਰਦਾਸ ਜੀ ਉਨ੍ਹਾਂ ਦੇ ਆਗਮਨ ਨੂੰ ਸੂਰਜ ਦਾ ਉਦੈ ਅਥਵਾ ਸੱਚ ਦਾ ਪ੍ਰਕਾਸ਼ ਦੱਸਦੇ ਹਨ ਅਤੇ ਪਾਤਸ਼ਾਹ ਦੇ ਕਥਨਾਂ ਨੂੰ 'ਸਿੰਘ ਗਰਜ਼' ਵੀ ਕਹਿੰਦੇ ਹਨ।

ਸੱਚ ਕੀ ਬਾਣੀ ਨਾਨਕ ਆਖੇ।
ਸਚਿ ਸੁਣਾਇ ਸੀ ਸੱਚ ਕੀ ਬੇਲਾ।।

ਪ੍ਰਮਾਤਮਾ ਨੇ ਸ੍ਰਿਸ਼ਟੀ ਦੇ ਦੁੱਖ ਦਰਦ ਨਵਿਰਤ ਕਰਨ ਅਤੇ ਸੁੱਖ ਆਨੰਦ ਦੀਆਂ ਰਹਿਮਤਾਂ ਵੰਡਣ ਲਈ, ''ਜੋਤਿ ਰੂਪੀ ਹਰਿ ਆਪ ਗੁਰੂ ਨਾਨਕੁ ਕਹਾਯਉ'' ਭਾਵ ਪ੍ਰਮਾਤਮਾ ਨੇ ਆਪਣੀ ਜਵੰਤ ਜੋਤ ਗੁਰੂ ਨਾਨਕ 'ਚ ਰੱਖ ਕੇ ਪ੍ਰਕਾਸ਼ਮਾਨ ਕੀਤੀ। ਸਵਾਮੀ ਵਿਵੇਕਾਨੰਦ ਜੀ ਕਹਿੰਦੇ ਹਨ ਕਿ, ''ਤੱਤਕਾਲੀਨ ਸੰਸਾਰ ਦੀ ਐਸੀ ਦੁਰ-ਦਸ਼ਾ, ਸਤਾਏ ਹੋਏ ਮਨੁੱਖ ਦੀ ਆਵਾਜ਼ ਸੁਣ, ਪ੍ਰਮਾਤਮਾ ਦੀ ਅੱਖ ਵਿਚੋਂ ਇਕ ਹੰਝੂ ਵਗਿਆ ਜੋ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਜਗਤ ਵਿਚ ਪ੍ਰਗਟ ਹੋਇਆ। ਤ੍ਰਿਸ਼ਨਾ, ਪਾਖੰਡ, ਅਗਿਆਨਤਾ ਤੇ ਜ਼ੁਲਮ ਵਿਚ ਨਪੀੜੇ ਮਨੁੱਖ ਦੀ ਦਰਦ ਭਰੀ ਪੁਕਾਰ ਨੂੰ ਸੁਣ ਅਕਾਲ ਪੁਰਖ ਨੇ ਰਾਏ ਭੋਏ ਦੀ ਤਲਵੰਡੀ 'ਚ ਇਕ ਅਗੰਮੀ ਨੂਰ ਦੇ ਰੂਪ 'ਚ ਆਗਮਨ ਕੀਤਾ।''

''ਉਹ ਆਪ ਨਰਾਇਣ ਕਲਾ ਧਾਰਿ ਜਗਿ ਮੇ ਪਰਵਰਿਉ।''



ਪ੍ਰੋ: ਐਚ.ਐਲ. ਕਪੂਰ
001- 916- 587-4002

ਸਾਧੂ ਟੀ. ਐਲ. ਵਾਸਵਾਨੀ ਬਿਆਨ ਕਰਦਾ ਹੈ ਕਿ ਰਾਜ ਕੁਮਾਰ ਸਿਧਾਰਥ ਨੇ ਗਯਾ (ਬਿਹਾਰ) ਸਰਿਊ ਨਦੀ ਦੇ ਕੰਢੇ 12 ਸਾਲ ਘੋਰ ਤਪੱਸਿਆ ਕਰਕੇ ''ਬੁੱਧਤਵ'' ਦੀ ਪ੍ਰਾਪਤੀ ਕੀਤੀ ਪ੍ਰੰਤੂ ਗੁਰੂ ਨਾਨਕ ਤਾਂ ਬਖਸ਼ ਦਰ ਪ੍ਰਾਪਤ ਕਰ ਪਾਰ ਬ੍ਰਹਮ ਪ੍ਰਮੇਸ਼ਵਰ ਵਿਚ ਇਕ ਸਰੂਪਤਾ ਪ੍ਰਾਪਤ ਕਰ ਉਸ ਦੀ ਆਗਿਆ ਨਾਲ ਜਗਤ ਜਲੰਦੇ ਦੇ ਉਧਾਰ ਲਈ ਸੰਸਾਰ 'ਚ ਪ੍ਰਗਟ ਹੋਏ, ਗੁਰੂ ਨਾਨਕ ਪੈਦਾ ਹੀ ਦੇਵਬੁੱਧਾ ਹੋਏ।

'ਪਹਿਲਾ ਬਾਬੇ ਪਾਯਾ ਬਖਸ਼ ਦਰਿ ਪਿੱਛੋਂ ਦੇ ਫਿਰਿ ਘਾਲਿ ਕਮਾਈ।' ਵਹਿਮਾਂ-ਭਰਮਾਂ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਨਾ, ਤ੍ਰਿਸ਼ਨਾ ਅਗਨ ਵਿਚ ਜਲ ਬਲ ਰਹੇ ਸੰਸਾਰ ਦੇ ਉਧਾਰ ਲਈ ਪਾਖੰਡ, ਪਾਪ, ਅਨਿਆ ਅਤੇ ਜ਼ੁਲਮ ਤੋਂ ਲੁਕਾਈ ਨੂੰ ਮੁਕਤ ਕਰਨ ਦੇ ਰੱਬੀ ਆਦੇਸ਼ ਦੀ ਪੂਰਤੀ ਲਈ ਸੁਲਤਾਨਪੁਰ ਲੋਧੀ ਸਥਿਤ ਵੇਈਂ ਨਦੀ 'ਚ ਤਿੰਨ ਦਿਨ ਤੇ ਤਿੰਨ ਰਾਤਾਂ ਜਲਸਮਾਧੀ ਦੌਰਾਨ ਪਰਮ ਪਿਤਾ ਪ੍ਰਮੇਸ਼ਵਰ ਪਾਸੋਂ ਗੁਰੂ ਪ੍ਰਮੇਸ਼ਵਰ ਦੀ ਪਦਵੀ ਪ੍ਰਾਪਤ ਕਰ ਰੱਬੀ ਆਦੇਸ਼ ਤੇ ਆਵੇਸ਼ ਅਨੁਸਾਰ 'ਪ੍ਰਭੂ ਕਾ ਧਰਮ ਪੰਥ' ਪ੍ਰਗਟ ਕਰਨ ਲਈ ਪਹਿਲਾ ਉਪਦੇਸ਼ ਇਸੇ ਇਤਿਹਾਸਕ ਸਥਾਨ 'ਤੇ ਨਸ਼ਰ ਕੀਤਾ।

ਪੁਰਾਤਨ ਜਨਮ ਸਾਖੀ ਦੇ ਸ਼ਬਦਾਂ 'ਓ ਖੱਫਨੀ ਸਿਰ 'ਤੇ ਬੰਨ੍ਹ ਕਿਹਾ 'ਨਾ ਕੋਈ ਹਿੰਦੂ ਨਾ ਮੁਸਲਮਾਨ'। ਇੱਥੇ ਹੀ ਮੂਲ ਮੰਤਰ 'ੴ ਅੰਕਾਰ ਤੋਂ ਗੁਰ ਪ੍ਰਸਾਦਿ' ਤੀਕ ਉਚਾਰਿਆ, ਦ੍ਰਿੜ ਕਰਵਾਇਆ ਕਿ ਪਰਮ ਸੱਤ ਕੇਵਲ ਇਕ ਹੈ ਜੋ ਵੰਡਿਆ ਨਹੀਂ ਜਾ ਸਕਦਾ ਅਤੇ ਨਾ ਹੀ ਵਧਾਇਆ ਘਟਾਇਆ ਜਾ ਸਕਦਾ ਹੈ। ਉਹ ਕੇਵਲ ਸਤਿ ਹੈ ਅਤੇ ਇਹੀ ਉਸ ਦਾ ਪਰਾ ਪੂਰਬਲਾ ਨਾਮ ਹੈ। ਉਹ ਅਨਾਮ ਹੈ ਲੇਕਿਨ ਉਸ ਦੇ ਗੁਣਨਾਤਮਿਕ ਨਾਮ- ਉਹ ਸ੍ਰਿਸ਼ਟੀ ਦਾ ਕਰਤਾ ਹੈ, ਡਰ ਭੈਅ ਅਤੇ ਵੈਰ ਤੋਂ ਮੁਕਤ ਹੈ, ਸਮੇਂ ਤੇ ਕਾਲ 'ਚ ਉਸ ਨੂੰ ਬੰਨ੍ਹਿਆ ਨਹੀਂ ਜਾ ਸਕਦਾ, ਗਰਭ 'ਚ ਨਹੀਂ ਪ੍ਰਵੇਸ਼ ਕਰਦਾ, ਸਵੈ ਪ੍ਰਕਾਸ਼ਮਾਨ ਹੈ ਅਤੇ ਸੱਚੇ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਦੀ ਹਸਤੀ ਨਾ ਹਿੰਦੂ ਤੇ ਨਾ ਮੁਸਲਮਾਨ ਹੈ। ਮਜ਼ਹਬਾਂ ਤੇ ਧਰਮਾਂ ਦੇ ਨਾਮ 'ਤੇ ਲੜਨ ਵਾਲੇ ਆਪਦੇ ਮਜ਼ਹਬ ਨੂੰ ਉੱਚਾ ਤੇ ਪਵਿੱਤਰ ਅਤੇ ਦੂਸਰੇ ਦੇ ਮਜ਼ਹਬ ਨੂੰ ਨੀਵਾਂ ਦਿਖਾਉਣ ਦੇ ਹੰਕਾਰ 'ਚ ਸਮਾਜ ਨੂੰ ਵੰਡ ਕੇ ਲੜਾ ਰਹੇ ਸਨ। ਰਾਮ ਤੇ ਰਹੀਮ ਨੂੰ ਲੜਾਇਆ ਜਾ ਰਿਹਾ ਸੀ, ਲੇਕਿਨ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਕਿ ਸਾਰੇ ਧਰਮ ਪ੍ਰਮਾਤਮਾ ਤੋਂ ਹੀ ਉਪਜੇ ਹਨ। ਜਗਤ ਦੇ ਦੁਖਾਂਤ ਨੂੰ ਮਹਿਸੂਸ ਕਰਦਿਆਂ ਗੁਰੂ ਨਾਨਕ ਨੇ 'ਧਰਤ ਲੋਕਾਈ ਸੋਧਣ' ਲਈ ਆਪਣੀਆਂ ਉਦਾਸੀਆਂ ਦਾ ਕਾਰਜ ਆਰੰਭਿਆ।

'ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤਿ ਲੋਕਾਈ।' (ਭਾਈ ਗੁਰਦਾਸ ਜੀ)

ਮਾਤਾ-ਪਿਤਾ ਦੇ ਤਰਲੇ ਮਿੰਨਤਾਂ ਤੇ ਮਮਤਾ, ਭੈਣ ਨਾਨਕੀ ਜੀ ਦਾ ਵੈਰਾਗ ਤੇ ਦੋਵੇਂ ਪੁੱਤਰਾਂ ਦਾ ਪਰਿਵਾਰਕ ਮੋਹ ਵੀ ਉਹਨਾਂ ਦੇ ਉਦਾਸੀਆਂ 'ਚ ਲੋਕਾਈ ਨੂੰ ਸੱਚੇ ਮਾਰਗ 'ਤੇ ਪਾ ਕੇ ਸੋਧਣ ਦੇ ਉਦੇਸ਼ ਨੂੰ ਰੋਕ ਨਾ ਸਕਿਆ। ਉਹਨਾਂ ਨੇ ਆਪਣੇ ਤਲਵੰਡੀ ਦੇ, ਦੋ ਬਚਪਨ ਦੇ ਸਾਥੀਆਂ ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਨੂੰ ਆਪਣੇ ਨਾਲ ਲਿਆ। ਭਾਈ ਮਰਦਾਨਾ ਜੀ ਜੋ ਇਸਲਾਮੀ ਸਨ ਤੇ ਮਰਾਸੀ ਵਰਗ ਨਾਲ ਸਬੰਧ ਰੱਖਦੇ ਸਨ। ਉਹ ਸੰਗੀਤ ਦੀ ਪੂਰੀ ਜਾਣਕਾਰੀ ਰੱਖਦੇ ਸਨ ਤੇ ਉਹ ਆਪਣੇ ਸਮੇਂ ਦੇ ਢੱਡ ਵਜਾਉਣ ਦੇ ਮੰਨੇ-ਪ੍ਰਮੰਨੇ ਢਾਡੀ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਕਿਹਾ, ''ਦਾਨਿਆ ਜੇ ਬਾਣੀ ਨੂੰ ਰਾਗ ਵਿਚ ਮਿਲਾ ਕੇ ਗਾਵੇਂ ਤਾਂ 'ਮਰਦਾਨਾ' ਕਹਾਏਂ।'

ਗੁਰੂ ਨਾਨਕ ਦੇਵ ਜੀ ਧਾਰਮਿਕ ਅਸਥਾਨਾਂ ਵੱਲ ਹੀ ਗਏ। ਉਨ੍ਹਾਂ ਨੇ ਕਿਸੇ ਵੀ ਧਰਮ ਦਾ ਵਿਰੋਧ ਨਹੀਂ ਕੀਤਾ ਸਗੋਂ ਧਰਮ ਅਸਥਾਨਾਂ ਤੇ ਬੈਠੇ ਪਾਖੰਡੀ, ਅੰਧ-ਵਿਸ਼ਵਾਸੀ, ਚਮਤਕਾਰਾਂ ਦਾ ਢੌਂਗ ਕਰਨ ਵਾਲੇ, ਫੋਕੇ ਕਰਮ ਕਾਂਡ ਕਰਨ ਵਾਲੇ ਤੇ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਕਰਕੇ ਵਿਖੜੇ ਰਸਤੇ ਪਾਉਣ ਵਾਲੇ ਲੋਕਾਂ ਨਾਲ ਸੰਵਾਦ ਰਚਾਅ ਕੇ ਲੋਕਾਂ ਨੂੰ ਅਸਲੀਅਤ ਸਚਾਈ ਦੱਸ ਕੇ ਗੁਰਬਾਣੀ ਦੁਆਰਾ ਦਲੀਲਾਂ ਦੇ ਕੇ, ਸੰਗੀਤਕ ਧੁੰਨਾਂ ਨਾਲ, ਰੱਬ ਨਾਲ ਜੋੜਿਆ, ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਸੰਦੇਸ਼ ਦਿੱਤਾ। ਉਹ ਭਾਰਤ ਦੇ ਲੱਗਭੱਗ ਸਾਰੇ ਤੀਰਥ ਅਸਥਾਨਾਂ 'ਤੇ ਗਏ ਤੇ ਇਸ ਦੇ ਨਾਲ ਹੀ ਆਪਣੀਆਂ ਚਾਰੋ ਉਦਾਸੀਆਂ, ਜਿਹਨਾਂ ਦਾ ਸਮਾਂ ਕੋਈ ਤੀਹ ਸਾਲ ਦੇ ਕਰੀਬ ਬਣਦਾ ਹੈ, ਦੇ ਦੌਰਾਨ ਭਾਰਤ ਦੇ ਨਾਲ ਲੱਗਦੇ ਦੇਸ਼ਾਂ ਨੇਪਾਲ, ਲੰਕਾ ਤੇ ਅਰਬ ਦੇ ਮੱਕੇ-ਮਦੀਨੇ ਆਦਿ ਤੱਕ ਆਪਣੇ ਉਦੇਸ਼ ਦਾ ਪ੍ਰਚਾਰ ਕਰਨ ਲਈ ਗਏ, ਜਿਸ ਨਾਲ ਉਹਨਾਂ ਦੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਬਣ ਗਏ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮ ਦਾ ਵਿਰੋਧ ਕੀਤਾ ਤੇ ਉਸ ਨੂੰ ਮਾਨਵਤਾ ਦੀ ਸੇਵਾ ਕਰਨ ਤੇ ਜ਼ੁਲਮ ਨੂੰ ਛੱਡ ਕੇ ਮਾਨਵ ਭਲਾਈ ਲਈ ਕੰਮ ਕਰਨ ਦਾ ਸੰਦੇਸ਼ ਦਿੱਤਾ। ਮਾਲਕ ਭਾਗੋ ਦੀ ਰੋਟੀ ਨੂੰ ਗਰੀਬਾਂ ਦੇ ਖ਼ੂਨ-ਪਸੀਨੇ ਦੀ ਕਮਾਈ ਦੀ ਰੋਟੀ ਕਿਹਾ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਸੱਚੀ-ਸੁੱਚੀ ਕਿਰਤ ਦੀ ਰੋਟੀ ਕਿਹਾ। ਸੱਜਣ ਠੱਗ ਜੋ ਠੱਗੀਆਂ ਮਾਰਦਾ ਸੀ, ਅਜਿਹਾ ਕਰਨ ਤੋਂ ਵਰਜਿਆ ਤੇ ਨਾਮ ਜਪਣ ਤੇ ਕਿਰਤੀ ਰੋਟੀ ਖਾਣ ਦਾ ਸੰਦੇਸ਼ ਦਿੱਤਾ। ਕੌਡੇ ਰਾਕਸ਼ ਨੂੰ ਬੁਰਾਈਆਂ ਤਿਆਗ ਕੇ ਨਾਮ ਜਪਣ ਤੇ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਉਹ ਆਪਣੀਆਂ ਉਦਾਸੀਆਂ ਦੀ ਯਾਤਰਾ ਦੌਰਾਨ ਕਈ ਧਰਮਾਂ ਦੇ ਗੁਰੂਆਂ ਤੇ ਧਰਮ ਦੇ ਠੇਕੇਦਾਰਾਂ ਨੂੰ ਜਿਹਨਾਂ ਦੇ ਕੂੜ ਪ੍ਰਚਾਰ ਕਾਰਨ ਧਰਮ 'ਚ ਆਈ ਗਿਰਾਵਟ ਦਾ ਅਹਿਸਾਸ ਕਰਵਾਇਆ ਤੇ ਮਨੁੱਖ ਦਾ ਅਸਲੀ ਧਰਮ ਮਾਨਵਤਾ ਦੀ ਸੇਵਾ ਕਰਨਾ ਤੇ ਉਹਨਾਂ ਦਾ ਆਦਰਸ਼ਕ, ਗਿਆਨਵਾਨ ਤੇ ਸਿਧਾਂਤਕ ਜੀਵਨ ਬਣਾਉਣਾ ਤਾਂ ਜੋ ਉਹ ਜ਼ਿੰਦਗੀ ਦੀਆਂ ਸਮੱਸਿਆਵਾਂ ਤੇ ਦੁੱਖਾਂ-ਕਲੇਸ਼ਾਂ ਤੋਂ ਨਿਜ਼ਾਤ ਪਾ ਸਕਣ।

ਗੁਰੂ ਨਾਨਕ ਦੇਵ ਜੀ ਬਾਣੀ 'ਚੋਂ ਵੀ ਸਾਨੂੰ ਇਹੀ ਸਿੱਖਿਆ ਮਿਲਦੀ ਹੈ ਕਿ ਮਾਨਵ ਆਪਣਾ ਸਮਾਜਿਕ ਤੇ ਸਦਾਚਾਰਕ ਜੀਵਨ ਬਹੁਮੁੱਲਾ ਬਣਾਵੇ। ਗੁਰੂ ਸਾਹਿਬ ਮਾਨਵ ਨੂੰ ਆਪਣਾ ਵਿਵਹਾਰ ਤੇ ਉੱਚਾ ਆਚਰਣ ਬਣਾਉਣ ਦਾ ਸੰਦੇਸ਼ ਪ੍ਰਮੁੱਖਤਾ ਵਜੋਂ ਦਿੰਦੇ ਹਨ ਤੇ ਕਹਿੰਦੇ ਹਨ- 'ਸੱਚੋਂ ਉਹਰੇ ਸਭਿ ਕੋ ਓਪਰ ਸੱਚ ਆਚਾਰ।' ਅਗਰ ਮਾਨਵ ਦਾ ਆਪਣਾ ਵਿਵਹਾਰ ਤੇ ਆਚਰਣ ਹੀ ਚੰਗਾ ਨਹੀਂ ਹੈ ਤਾਂ ਇਹ ਜੀਵਨ ਜਿਊਣ ਦਾ ਕੋਈ ਫਾਇਦਾ ਨਹੀਂ। ਇਸ ਸੰਸਾਰ 'ਚ ਉੱਚੇ ਆਚਰਣ ਨਾਲ ਹੀ ਮਾਨਵ ਸਮਾਜ 'ਚ ਆਪਣਾ ਮਾਨ-ਸਨਮਾਨ ਬਣਾ ਸਕਦਾ ਹੈ। ਅਗਲੀ ਗੱਲ ਗੁਰੂ ਸਾਹਿਬ ਸੱਚੀ-ਸੁੱਚੀ ਕਿਰਤ ਕਮਾਈ ਕਰਨ ਦੀ ਕਰਦੇ ਹਨ- 'ਘਾਲਿ ਖਾਇ ਕਿਛੁ ਹੱਥੋਂ ਦੇਹਿ।' ਮਿਹਨਤ ਦੀ ਕਮਾਈ 'ਚੋਂ ਕਿਸੇ ਦੀ ਮਦਦ ਕੀਤਿਆਂ ਮਾਨਸਿਕ ਸੁੱਖ ਮਿਲਦਾ ਹੈ ਤੇ ਗੁਰੂ ਸਾਹਿਬ ਅਗਲੇ ਸਥਾਨ 'ਤੇ ਰੱਬ ਦਾ ਨਾਮ ਜਪਣ ਨੂੰ ਪ੍ਰਮੁੱਖਤਾ ਦਿੰਦੇ ਹਨ।

ਮਨੁੱਖ ਆਪਣੀ ਹਉਮੈ ਨੂੰ ਸੰਤੁਲਨ 'ਚ ਰੱਖੇ ਇਸ ਦਾ ਸੰਤੁਲਨ ਵਿਗੜ ਜਾਣ ਨਾਲ ਮਨੁੱਖ ਦਾ ਜੀਵਨ ਨਰਕ ਬਣ ਸਕਦਾ ਹੈ। ਇਸ ਨੂੰ ਦੂਰ ਕਰਨ ਦਾ ਇਲਾਜ ਵੀ ਸਾਡੇ ਅੰਦਰ ਸਾਡੀ ਮਾਨਸਿਕਤਾ 'ਚ ਹੀ ਹੈ- 'ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ।'

'ਸੱਚ ਤਾ ਪਰੁ ਜਾਣੀਐ।' ਗੁਰੂ ਸਾਹਿਬ ਨੇ ਬੜੀ ਪ੍ਰਭਾਵਸ਼ਾਲੀ ਸ਼ਬਦਾਵਲੀ ਨਾਲ ਗੁੰਮਰਾਹ ਹੋ ਚੁੱਕੇ ਧਾਰਮਿਕ ਆਗੂਆਂ ਤੇ ਮਨੁੱਖਾਂ ਨੂੰ ਸੱਚੇ ਮਾਰਗ ਦਾ ਉਪਦੇਸ਼ ਦਿੱਤਾ। ਸੱਚ ਤਾਂ ਪ੍ਰਾਪਤ ਹੁੰਦਾ ਹੈ ਜੇ ਮਾਨਵ ਦੇ ਹਿਰਦੇ 'ਚ ਸੱਚਾ ਰੱਬ ਵੱਸੇ। ਝੂਠ ਦੀ ਮੈਲ ਤਨ ਤੇ ਮਨ 'ਚੋਂ ਸੱਚ ਦੇ ਪ੍ਰਭਾਵ ਨਾਲ ਬਾਹਰ ਨਿਕਲ ਜਾਏ। ਸੱਚ ਤਾਂ ਮਿਲਦਾ ਹੈ ਜੇਕਰ ਇਸ ਨਾਲ ਪਿਆਰ ਕੀਤਾ ਜਾਵੇ ਭਾਵ ਨਾਮ ਜਪਣ ਦਾ ਚਾਅ ਪੈਦਾ ਹੋ ਜਾਵੇ। ਮਨ ਦੀ ਧਰਤੀ ਸਾਫ ਕਰਕੇ ਇਸ 'ਚ ਨਾਮ ਦਾ ਬੀਜ ਬੀਜਿਆ ਜਾਵੇ। ਸੱਚ ਨੂੰ ਤਾਂ ਹੀ ਜਾਣਿਆ ਜਾ ਸਕਦਾ ਹੈ ਜੇਕਰ ਸੱਚੀ ਸਿੱਖਿਆ ਗੁਰੂ ਪਾਸੋਂ ਮਿਲ ਜਾਏ ਤੇ ਮਨ, ਚਿੱਤ, ਕੋਮਲ, ਮਿਹਰਬਾਨ ਤੇ ਪਰਉਪਕਾਰੀ ਵਾਲਾ ਹੋ ਜਾਏ। ਸੱਚ ਸੱਭ ਕਮਿਚਆਈਆਂ ਤੇ ਕੂੜਾਂ ਦਾ ਦਾਰੂ ਹੈ, ਸਭ ਪਾਪ ਨਸ਼ਟ ਕਰਨ ਵਾਲਾ ਹੈ, ਇਹ ਤਾਂ ਹੀ ਹੁੰਦਾ ਹੈ ਜੇਕਰ ਸੱਚ ਜੀਵਨ ਦੀ ਟੇਕ ਜਾਂ ਆਧਾਰ ਬਣ ਜਾਏ।

'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤੱਤੁ।' ਨਿਮਰਤਾ ਤੇ ਮਿੱਠੇ ਬੋਲਣਾ ਸਭ ਗੁਣਾਂ ਦਾ ਸਾਰ ਤੱਤ ਹੈ। ਸਦਾਚਾਰੀ ਮਨੁੱਖ ਬਣਨ ਲਈ ਇਹ ਸਭ ਤੋਂ ਵੱਡਾ ਗੁਣ ਹੈ। ਨਿਮਰਤਾ 'ਚ ਪਾਖੰਡ ਤੇ ਦਿਖਾਵਾ ਨਾ ਹੋਵੇ ਜਿਵੇ: ਹਿਰਨਾਂ ਨੂੰ ਮਾਰਨ ਵਾਲਾ ਮਨੁੱਖ ਆਪਣੀ ਬੰਦੂਕ ਤੇ ਸਿਰ ਰੱਖ ਕੇ ਝੁੱਕ ਕੇ ਨਿਸ਼ਾਨਾ ਮਾਰਦਾ ਹੈ। ਮਨ 'ਚ ਗਰੀਬੀ ਦਾ ਭਾਵ ਹੋਵੇ, ਹੀ ਸਹੀ ਮਾਅਨਿਆਂ 'ਚ ਸਿੱਖੀ ਹੈ। ਨਾਮ ਜਪਣਾ ਤੇ ਗਰੀਬੀ ਦੀ ਭਾਵਨਾ 'ਚ ਰਹਿਣਾ ਹੀ ਤਾਂ ਗੁਰਮਤਿ ਦੇ ਦੋ ਵੱਡੇ ਸਿਧਾਂਤ ਹਨ। ਤੀਸਰਾ ਸਿੱਖੀ ਦਾ ਗੁਣ ਹੈ ਸਾਧ-ਸੰਗਤ ਤੋਂ ਕੁਰਬਾਨ ਹੋਣ।

ਬ੍ਰਾਹਮਣ ਵੱਲੋਂ ਕੀਤੇ ਜਾਂਦੇ ਕਰਮ ਕਾਂਡਾਂ ਦਾ ਵਿਰੋਧ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ! ਪੰਡਤ ਬਾਹਰਲੀ ਮੈਲ ਸਾਫ ਕਰਨਾ ਵੀ ਜ਼ਰੂਰੀ ਹੈ। ਪਰ ਇਸ ਦੇ ਨਾਲ ਸਭ ਤੋਂ ਜ਼ਰੂਰੀ ਹੈ ਕਿ ਪਹਿਲਾਂ ਆਪਣੇ ਮਨ ਦੀ ਮੈਲ ਸਾਫ ਕਰੋ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਆਪਣੇ ਗੁਰੂ ਦੀ ਸਿੱਖਿਆ ਤੇ ਚੱਲ ਕੇ ਵਧੀਆ ਜੀਵਨ ਜਾਂਚ ਅਪਣਾਉਣਗੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਆਪਣੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਵਧੀਆ ਜੀਵਨ ਜਾਂਚ ਅਪਣਾਓਗੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਗੁਰਮਤਿ ਦੇ ਸਿਧਾਂਤਾਂ ਤੇ ਚੱਲੋਗੇ, ਗਿਆਨਵਾਨ ਹੋਵੋਗੇ ਤੇ ਰੱਬ ਦਾ ਨਾਮ ਜਪੋਗੇ।ਇਸ ਲਈ ਹੇ! ਪੰਡਤ ਲੋਕਾਈ ਨੂੰ ਭਰਮਾਂ-ਵਹਿਮਾਂ 'ਚ ਨਾ ਪਾਓ ਸਗੋਂ ਪਾਖੰਡਾਂ ਦਾ ਤਿਆਗ ਕਰੋ- ਗੁਰੂ ਜੀ ਦਾ ਕਥਨ ਹੈ-

'ਛੋਡੀ ਲੇ ਪਾਖੰਡਾ,
ਨਾਮਿ ਲਈਐ ਜਾਹਿ ਤਰੰਦਾ।।'

ਗੁਰੂ ਨਾਨਕ ਦੇਵ ਜੀ ਨੇ ਬਾਹਰਮੁਖੀ ਕਿਰਿਆ ਜਿਸ ਨੂੰ ਸੂਤਕ ਦਾ ਭਰਮਜਾਲ ਅਤੇ ਜਨੇਊ ਦੀ ਰਹੁ-ਰੀਤ ਕਿਹਾ ਜਾਂਦਾ ਹੈ, ਰੱਦ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੇ ਇਸ ਦਾ ਸਿਰਫ ਖੰਡਨ ਹੀ ਨਹੀਂ ਕੀਤਾ ਸਗੋਂ ਇਸ ਦਾ ਅਸਲੀ ਭਾਵ ਅਰਥ ਤੇ ਉਦੇਸ਼ ਸੂਤਕ ਤੇ ਜਨੇਊ ਦੇ ਸਬੰਧ 'ਚ ਪੇਸ਼ ਕਰ ਦਿੱਤਾ ਹੈ। ਸੂਤਕ ਇਕ ਬਾਹਰੀ ਮੈਲ ਹੈ ਜੋ ਕਦੀ ਵੀ ਉਤਾਰੀ ਨਹੀਂ ਜਾ ਸਕਦੀ। ਆਤਮਕ ਗਿਆਨ ਤੇ ਮਨ ਦੀ ਸ਼ੁੱਧੀ ਨਾਲ ਹੀ ਸੂਤਕ ਦੀ ਮੈਲ ਕੱਢੀ ਜਾ ਸਕਦੀ ਹੈ, ਨਾ ਕਿ ਮੋਹੇ ਦਾ ਪੋਚਾ ਦੇਣ ਨਾਲ। ਇਸ ਲਈ ਜਨੇਊ ਇਕ ਸੂਤੀ ਧਾਗਾ ਹੈ ਜੋ ਇਕ ਰਸਮ ਤੋਂ ਸਿਵਾਏ ਕੁਝ ਵੀ ਨਹੀਂ। ਇਹ ਮਨੁੱਖ ਦੇ ਚਰਿੱਤਰ ਤੇ ਵਿਅਕਤਿਤਵ 'ਤੇ ਕੋਈ ਸਿੱਧਾ ਜਾਂ ਅਸਿੱਧਾ ਪ੍ਰਭਾਵ ਨਹੀਂ ਪਾਉਂਦਾ। ਮਨੁੱਖ ਨੂੰ ਲੋੜ ਹੈ ਸਿਰਫ ਉੱਚੇ ਗੁਣਾਂ ਤੇ ਉੱਚੇ ਚਰਿੱਤਰ ਦੀ। ਇਸ ਲਈ ਜਨੇਊ ਜਾਂ ਧਾਗਾ ਅੰਤਰਮੁਖੀ ਜਾਂ ਆਤਮਕ ਪੱਧਰ ਦਾ ਹੋਣਾ ਚਾਹੀਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

ਦਇਆ ਕਪਾਹ ਸੰਤੋਖ ਸੂਤੁ, ਜਤ ਗੰਢੀ ਸਤੁ ਵਟੁ।।
ਏਹ ਜਨੇਊ ਜੀਅ ਕਾ, ਹਈ ਤ ਪਾਂਡੇ ਘਤੁ।।
ਨਾ ਇਹ ਤੁਟੈ ਨਾ ਮਲੁ ਲਗੈ, ਨਾ ਏਹ ਜਲੈ ਨਾ ਜਾਇ।।

ਸਿੱਖ ਵਿਦਵਾਨ ਆਮ ਤੌਰ 'ਤੇ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਦੀਵ ਕਾਲੀ ਹੈ, ਭਾਵ ਇਸ ਦੀ ਵਿਚਾਰਧਾਰਾ ਹਮੇਸ਼ਾ ਲਈ ਮਨੁੱਖ ਨੂੰ ਅਗਵਾਈ ਦੇਣ ਵਾਲੀ ਹੈ ਕਿਉਂਕਿ ਇਹ ਤਰਕਸੰਗਤ ਹੈ ਤੇ ਇਸ ਦੀ ਜੀਵਨ ਜਾਂਚ, ਵਿਗਿਆਨਕ ਪਹੁੰਚ ਹੈ। ਇਸ 'ਚ ਅੰਧ-ਵਿਸ਼ਵਾਸਾਂ, ਭੇਖਾਂ, ਕਰਮ-ਕਾਂਡਾਂ ਅਤੇ ਵਿਖਾਵੇ ਦੇ ਧਰਮ ਨੂੰ ਕੋਈ ਥਾਂ ਨਹੀਂ, ਸਗੋਂ ਇਹ ਤਾਂ ਮਨੁੱਖ ਨੂੰ ਸੁਚੱਜੀ ਜੀਵਨ ਜਾਂਚ ਸਿਖਾਉਂਦੀ ਹੈ। ਮਨੁੱਖ ਦੇ ਅਧਿਆਤਮਕ, ਸਮਾਜਿਕ ਤੇ ਰਾਜਨੀਤਿਕ ਜੀਵਨ ਦਾ ਮਾਰਗ ਦਰਸ਼ਨ ਕਰਦੀ ਹੈ। ਇਹ ਕਿਸੇ ਖਾਸ ਪ੍ਰਾਂਤ ਜਾਂ ਦੇਸ਼ ਲਈ ਨਹੀਂ ਸਗੋਂ ਸਮੁੱਚੀ ਸੰਸਾਰ ਵਿਆਪੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਦੀ ਨਵੀਂ ਪੀੜ੍ਹੀ ਦੀ ਗੁਰਬਾਣੀ 'ਚ ਇੰਨੀ ਰੁਚੀ ਨਹੀਂ ਹੈ। ਗੁਰਬਾਣੀ ਦੀ ਵਿਚਾਰਧਾਰਾ ਨੂੰ ਉਹ ਇੰਨੀ ਲੜ ਨਹੀਂ ਬੰਨ੍ਹਦੀ ਜਿੰਨੀ ਪੁਰਾਣੀ ਪੀੜ੍ਹੀ ਦੀ ਇਸ 'ਚ ਦਿਲਚਸਪੀ ਹੈ। ਪੰਜਾਬ ਧਾਰਮਿਕ ਅਗਿਆਨਤਾ, ਸਮਾਜਿਕ ਕੁਰੀਤੀਆਂ ਤੇ ਰਾਜਨੀਤਿਕ ਅਸਪਸ਼ਟਤਾ ਦਾ ਸ਼ਿਕਾਰ ਹੈ। ਪੰਜਾਬ ਦੀ ਆਰਥਿਕ ਦਸ਼ਾ ਬੜੀ ਨਿਰਾਸ਼ਾਜਨਕ ਹੈ। ਧਾਰਮਿਕ ਪੱਖੋਂ ਹਾਲਤ ਬਹੁਤ ਹੀ ਨਿਘਰ ਗਈ ਹੈ। ਗੁਰੂ ਸਾਹਿਬ ਨੇ ਜਿਹਨਾਂ ਬ੍ਰਾਹਮਣੀ ਕਰਮ-ਕਾਂਡਾਂ, ਅੰਧ-ਵਿਸ਼ਵਾਸ਼ਾਂ ਤੋਂ ਵਰਜਿਆ ਹੈ, ਉਹ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਅੰਗ ਹੀ ਬਣ ਗਏ ਹਨ। ਕਈ ਤਰ੍ਹਾਂ ਦੇ ਪਾਠ, ਪਾਠਾਂ ਦੀ ਸਮੱਗਰੀ, ਮੰਤਰ-ਜਾਪ, ਤਸਵੀਰ-ਪੂਜਾ, ਸੇਵਾ ਦੀ ਥਾਂ ਦਾਨ, ਹੱਥ ਜੋੜ ਕੇ ਸੁੱਖਾਂ ਸੁਖਣੀਆਂ ਤੇ ਬਿਨਾਂ ਸੱਚੀ-ਸੁੱਚੀ ਕਿਰਤ ਕੀਤਿਆਂ, ਆਸਾਂ ਪੂਰੀਆਂ ਕਰਨ ਲਈ ਬੇਨਤੀਆਂ ਕਰਨਾ, ਚਾਲੀਹੇ ਕੱਟਣਾ, ਸੰਗਰਾਂਦਾਂ-ਮੱਸਿਆ 'ਤੇ ਵਿਸ਼ੇਸ਼ ਦੀਵਾਨ ਲਾਉਣੇ, ਬੀਬੀਆਂ ਦੁਆਰਾ ਭਾਂਤ-ਸੁਭਾਂਤੇ ਵਰਤ, ਜਗਰਾਤਿਆਂ 'ਚ ਹਾਜ਼ਰੀ ਲੁਆਉਣੀ ਤੇ ਜਪ-ਤਪ ਸਮਾਗਮ ਕਰਨੇ ਆਦਿ। ਗੁਰਮਤਿ 'ਚ ਜੋ ਵਿਵਰਜਿਤ ਕਰਮ ਹਨ ਉਹ ਨਿਰਸੰਕੋਚ ਕੀਤੇ ਜਾ ਰਹੇ ਹਨ। ਸਮਾਜ ਕੁਰੀਤੀਆਂ ਨਾਲ ਭਰਪੂਰ ਹੈ। ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ, ਭਰੂਣ ਹੱਤਿਆਵਾਂ, ਦਾਜ-ਦਹੇਜ ਦੀ ਸਮੱਸਿਆ ਤੇ ਭ੍ਰਿਸ਼ਟਾਚਾਰ ਸਾਡੇ ਸਮਾਜ ਦੇ ਅਨਿੱਖੜਵੇਂ ਅੰਗ ਬਣ ਗਏ ਹਨ।

ਗੁਰੂ ਨਾਨਕ ਦੇਵ ਜੀ ਦੇ ਸਿਧਾਂਤਕ ਉਪਦੇਸ਼ਾਂ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਬੜੀ ਵੱਡੀ ਪੱਧਰ 'ਤੇ ਪ੍ਰਚਾਰਿਆ ਪ੍ਰਸਾਰਿਆ ਤੇ ਸਿੱਖ ਧਰਮ ਦਾ ਵਿਸਥਾਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਮੱਧਯੁੱਗੀ ਸੋਚ 'ਚੋਂ ਕੱਢ ਕੇ ਆਧੁਨਿਕ ਵਿਗਿਆਨਕ ਤੇ ਪ੍ਰਗਤੀਵਾਦੀ ਯੁੱਗ 'ਚ ਲਿਆ ਖੜ੍ਹਾ ਕੀਤਾ। ਉਹਨਾਂ ਨੇ ਪੁਜਾਰੀਵਾਦ ਨੂੰ ਆਪਣੀ ਵਿਚਾਰਧਾਰਾ 'ਚੋਂ ਮੁਕੰਮਲ ਤੌਰ 'ਤੇ ਕੱਢ ਦਿੱਤਾ ਤੇ ਉਨ੍ਹਾਂ ਨੂੰ ਆਉਣ ਵਾਲੇ ਸਮਿਆਂ ਨੂੰ ਭਾਂਪਦੇ ਹੋਏ ਪ੍ਰਮਾਤਮਾ ਤੇ ਮਨੁੱਖ ਦੇ ਰਿਸ਼ਤੇ 'ਚੋਂ ਵਿਚੋਲਿਆਂ ਨੂੰ ਸਦਾ ਲਈ ਖਾਰਜ ਕਰ ਦਿੱਤਾ ਤੇ ਆਉਣ ਵਾਲੇ ਸਮਿਆਂ ਲਈ ਮਨੁੱਖ ਨੂੰ ਗੁਰਬਾਣੀ ਦੀ ਸਿਧਾਂਤਕ ਸੋਚ ਦਿੱਤੀ ਤਾਂ ਕਿ ਮਨੁੱਖ ਆਪਣੇ ਜੀਵਨ ਨੂੰ ਸੱਚੀ-ਸੁੱਚੀ ਇਮਾਨਦਾਰੀ ਦੀ ਕਿਰਤ ਨਾਲ ਸਫਲ ਕਰ ਸਕੇ।

ਅੱਜ ਲੋੜ ਹੈ ਗੁਰੂ ਸਾਹਿਬ ਦੇ 'ਸਰਬੱਤ ਦਾ ਭਲਾ' ਕਰਨ ਦੇ ਸਿਧਾਂਤ ਨੂੰ ਲਾਗੂ ਕਰਨ ਦੀ। 'ਮਾਨਿਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦੇ ਸਿਧਾਂਤ ਭਾਵ ਜਾਤ-ਪਾਤ ਖਤਮ ਕਰਨ ਤੇ ਸਮਾਜਿਕ ਬਰਾਬਰੀ ਲਿਆਉਣ ਦੀ। ਉਕਤ ਵਰਣਨ ਕੀਤੀਆਂ ਗਈਆਂ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਕੁਰੀਤੀਆਂ, ਜਿਹਨਾਂ 'ਚ ਪਾਖੰਡਵਾਦ, ਕਰਮਕਾਂਡ, ਅੰਧ-ਵਿਸ਼ਵਾਸ, ਕਰਾਮਾਤਾਂ ਤੇ ਆਪੇ ਬਣੇ ਰੱਬਾਂ ਨੂੰ ਠੱਲ੍ਹ ਪਾਉਣ ਦੀ। ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਇਕੱਲਿਆਂ ਹੀ ਇਹਨਾਂ ਕੁਰੀਤੀਆਂ ਨਾਲ ਨਜਿੱਠ ਸਕਦੀ ਹੈ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ 546ਵੇਂ ਪਾਵਨ ਪ੍ਰਕਾਸ਼ ਪੁਰਬ ਤੇ ਸਮੂਹ ਸਿੱਖ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

# ਸੇਂਟ ਸੋਲਜ਼ਰ ਕਾਲਜ ਹਦੀਆਬਾਦ ਵਿਖੇ ਰਾਸ਼ਟਰੀ ਏਕੀਕਰਨ ਦਿਵਸ ਮਨਾਇਆ

ਫਗਵਾੜਾ- ਹਦੀਆਬਾਦ ਸਥਿਤ ਸੇਂਟ ਸੋਲਜ਼ਰ ਕਾਲਜ ਵਿਖੇ ਬੀਤੀ 31 ਅਕਤੂਬਰ ਨੂੰ ਰਾਸ਼ਟਰੀ ਏਕੀਕਰਨ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਲਖਵਿੰਦਰ ਸਿੰਘ, ਪ੍ਰੋ. ਮੰਜੂ ਸ਼ਰਮਾ, ਪ੍ਰੋ. ਜਸਵਿੰਦਰ ਕੌਰ, ਪ੍ਰੋ. ਬਿਕਰਮ ਸਿੰਘ, ਪ੍ਰੋ. ਸਰਬਜੀਤ ਕੌਰ, ਪ੍ਰੋ.





ਅਮਨਪ੍ਰੀਤ ਕੌਰ ਚੀਮਾ, ਪ੍ਰੋ. ਕਿਰਨਦੀਪ ਕੌਰ, ਪ੍ਰੋ. ਰਾਕੇਸ਼ ਕੁਮਾਰ, ਪ੍ਰੋ. ਸੋਨੀਆ ਅਰੋੜਾ, ਜਸਵਿੰਦਰ ਸਿੰਘ (ਕਲਰਕ) ਸਮੇਤ ਸਮੂਹ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਸਹੁੰ ਚੁੱਕੀ।

# 'ਗਦਰ ਪਾਰਟੀ ਦਾ ਪਿਛੋਕੜ ਤੇ ਇਸ ਦੀ ਅਸਫਲਤਾ'



ਪ੍ਰੋ: ਐਚ.ਐਲ.ਕਪੂਰ
001- 916- 587-4002

ਗਦਰ ਸ਼ਬਦ ਦਾ ਅਰਥ ਹੈ ਵਿਦਰੋਹ ਜਾਂ ਬਗਾਵਤ। ਗਦਰ ਪਾਰਟੀ ਦਾ ਵਿਦਰੋਹ ਜਾਂ ਬਗਾਵਤ, ਅੰਗਰੇਜ਼ ਸਰਕਾਰ ਜਿਹੜੀ ਕਿ ਭਾਰਤ ਤੇ ਰਾਜ ਕਰ ਰਹੀ ਸੀ, ਦੇ ਖਿਲਾਫ ਸੀ। ਇਸ ਗਦਰ ਨੂੰ ਕੈਨੇਡਾ ਤੇ ਅਮਰੀਕਾ 'ਚ ਰਹਿੰਦੇ ਪ੍ਰਵਾਸੀ ਭਾਰਤੀਆਂ ਨੇ ਜਥੇਬੰਦੀ ਬਣਾ ਕੇ ਆਰੰਭ ਕੀਤਾ। ਇਹ ਜਥੇਬੰਦੀ ਕਿਸੇ ਇਕ ਆਦਮੀ ਜਾਂ ਗਰੁੱਪ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਨਹੀਂ ਸੀ ਸਗੋਂ ਇਹ ਇਕ ਆਮ ਤੇ ਕੁਦਰਤੀ ਪ੍ਰਤੀਕਰਮ ਵਜੋਂ ਭਾਰਤੀ ਲੋਕਾਂ ਦੇ ਖਾਸ ਕਰਕੇ ਬਹਾਦਰ ਪੰਜਾਬੀਆਂ ਦੇ 1904 ਦੇ ਗਿਰਦ ਰਾਜਨੀਤਿਕ, ਸਮਾਜਿਕ ਤੇ ਆਰਥਿਕ ਹਾਲਾਤ 'ਚੋਂ ਪੈਦਾ ਹੋਇਆ ਵਿਦਰੋਹ ਜਾਂ ਗਦਰ ਸੀ ਕਿਉਂਕਿ ਉਸ ਸਮੇਂ ਅੰਗਰੇਜ਼ਾਂ ਦੀ ਲੁੱਟ ਕਾਰਨ ਪੰਜਾਬ ਤੇ ਭਾਰਤ ਦੇ ਦੂਸਰੇ ਸੂਬਿਆਂ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ ਤੇ ਭਾਰਤੀਆਂ ਨੂੰ ਦੋ ਡੰਗ ਦੀ ਰੋਟੀ ਦੇ ਲਾਲੇ ਪਾਏ ਹੋਏ ਸਨ। ਉਸ ਸਮੇਂ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਭਾਰਤ 'ਤੇ ਹਕੂਮਤ ਕਰ ਰਹੀ ਅੰਗਰੇਜ਼ ਸਰਕਾਰ, ਭਾਰਤ 'ਚੋਂ ਹਰ ਸਾਲ 10 ਕਰੋੜ ਪੌਂਡ ਦਾ ਸਰਮਾਇਆ ਲੁੱਟ ਕੇ ਆਪਣੇ ਦੇਸ਼ ਇੰਗਲੈਂਡ ਲਿਜਾ ਰਹੀ ਸੀ। ਇਸ ਸਮੇਂ ਤੋਂ ਪਹਿਲਾਂ ਕੋਈ 50 ਸਾਲਾਂ ਦੌਰਾਨ ਭਾਰਤ 'ਚ 80 ਮਿਲੀਅਨ ਲੋਕਾਂ ਦੀ ਗੋਲੀ ਤੇ ਭੁੱਖਮਰੀ ਨਾਲ ਹੋਈਆਂ ਮੌਤਾਂ ਦੀ ਜ਼ਿੰਮੇਵਾਰ ਵੀ ਅੰਗਰੇਜ਼ ਸਰਕਾਰ ਹੀ ਸੀ। ਭਾਰਤ ਦੀ ਅਜਿਹੀ ਦੁਰਦਸ਼ਾ ਕਰਨਾ ਤੇ ਇਹਨਾਂ ਹਾਲਾਤਾਂ 'ਚ ਇਕ ਵਿਦਰੋਹ ਜਾਂ ਬਗਾਵਤ ਦਾ ਪੈਦਾ ਹੋਣਾ ਇਕ ਕੁਦਰਤੀ ਵਰਤਾਰਾ ਸੀ।

ਵਿਦੇਸ਼ਾਂ 'ਚ ਇਹ ਪ੍ਰਵਾਸੀ ਲੋਕ ਬਹੁਤ ਮਿਹਨਤੀ ਤੇ ਅਗਾਂਹ ਵਧੂ ਖਿਆਲਾਂ ਦੇ ਸਨ। ਇਨ੍ਹਾਂ ਨੇ ਇੱਥੇ ਨਵੇਂ ਦੇਸ਼ਾਂ 'ਚ ਆ ਕੇ ਬਹੁਤ ਸਖਤ ਮਿਹਨਤ ਕੀਤੀ, ਚੰਗਾ ਪੈਸਾ ਕਮਾ ਕੇ ਆਪਦੇ ਹਾਲਾਤ ਠੀਕ ਕੀਤੇ। ਅਮਰੀਕਾ ਆ ਕੇ ਇਹਨਾਂ ਲੋਕਾਂ ਨੇ ਦੇਖਿਆ ਕਿ ਇੱਥੇ ਦੇ ਲੋਕ 4 ਜੁਲਾਈ 1776 ਨੂੰ ਆਪਣੀ ਪ੍ਰਾਪਤ ਕੀਤੀ ਆਜ਼ਾਦੀ ਦੇ ਜਸ਼ਨਾਂ ਨੂੰ ਕਿਸ ਤਰ੍ਹਾਂ ਆਪਣਾ ਸਿਰ ਉੱਚਾ ਉਠਾਅ ਕੇ ਮਨਾਉਂਦੇ ਹਨ। ਇਹਨਾਂ ਨੇ ਆਪਣੇ ਆਜ਼ਾਦੀ ਦੇ ਅਧਿਕਾਰ ਨੂੰ ਕਿੰਨੇ ਵਧੀਆ ਤਰੀਕੇ ਨਾਲ ਸਥਾਪਤ ਕੀਤਾ ਹੋਇਆ ਹੈ ਤੇ ਹਰ ਇਨਸਾਨ ਰਾਜਨੀਤਿਕ, ਸਮਾਜਿਕ ਤੇ ਆਰਥਿਕ ਖੇਤਰ 'ਚ ਤਰੱਕੀ ਕਰਨ ਲਈ ਪੂਰੀ ਤਰ੍ਹਾ ਆਜ਼ਾਦ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਇੱਥੇ ਭਾਰਤੀਆਂ ਨੇ ਦੇਖਿਆ ਤੇ ਮਹਿਸੂਸ ਕੀਤਾ ਕਿ ਗੁਲਾਮੀ ਤੇ ਆਜ਼ਾਦੀ ਦੀ ਸੋਚ 'ਚ ਕਿੰਨਾ ਅੰਤਰ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭਾਰਤੀਆਂ ਦੇ ਮਨਾਂ 'ਚ ਆਪਣੇ ਭਾਰਤ ਦੇਸ਼ ਨੂੰ ਅੰਗਰੇਜ਼ ਹਕੂਮਤ ਦੇ ਪੰਜੇ 'ਚੋਂ ਆਜ਼ਾਦ ਕਰਾਉਣ ਦੀ ਪ੍ਰਬੱਲ ਇੱਛਾ ਪੈਦਾ ਹੋਈ। ਇਸ ਤਰ੍ਹਾਂ ਦੀ ਭਾਰਤੀਆਂ 'ਚ ਪੈਦਾ ਹੋਈ ਭਾਵਨਾ ਦੀ ਅਮਰੀਕੀ ਲੋਕਾਂ ਨੇ ਪ੍ਰਸੰਸਾ ਕੀਤੀ ਪਰ ਕੈਨੇਡੀਅਨ ਲੋਕਾਂ ਨੇ ਭਾਰਤੀਆਂ 'ਚ ਪੈਦਾ ਹੋਈ ਇਸ ਤਰ੍ਹਾਂ ਦੀ ਭਾਵਨਾ ਨੂੰ ਪਸੰਦ ਨਾ ਕੀਤਾ, ਕਿਉਂਕਿ ਕੈਨੇਡਾ 'ਚ ਬਰਤਾਨਵੀ ਤੇ ਫਰਾਂਸੀਸੀ ਲੋਕਾਂ ਨੇ ਆਪਣਾ ਇਕ ਬਹੁਤ ਵੱਡਾ ਸੰਗਠਨ ਬਣਾਇਆ ਹੋਇਆ ਸੀ।

ਪ੍ਰੰਤੂ ਅਮਰੀਕਾ 'ਚ ਆਰਥਿਕ ਮੰਦੀ ਦੇ ਦਿਨਾਂ 'ਚ ਗੋਰੀ ਚਮੜੀ ਵਾਲੇ ਲੋਕਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਇਹ ਸਾਡੇ 'ਤੇ ਜੋ ਆਰਥਿਕ ਮੰਦੀ ਆਈ ਹੈ ਇਸਦਾ ਕਾਰਨ ਬਹੁਗਿਣਤੀ 'ਚ ਆਏ ਏਸ਼ੀਅਨ ਤਬਕੇ ਦੇ ਸਖਤ ਮਿਹਨਤ ਕਰਨ ਵਾਲੇ ਮਜ਼ਦੂਰ ਲੋਕ ਹਨ। ਇਸ ਤੰਗਦਿਲੀ ਵਾਲੀ ਗੋਰੇ ਲੋਕਾਂ ਦੀ ਸੋਚ ਨੇ ਏਸ਼ੀਅਨਜ਼ ਲੋਕਾਂ ਨਾਲ ਮਾੜਾ ਵਰਤਾਓ ਸ਼ੁਰੂ ਕਰ ਦਿੱਤਾ। ਇੱਥੋਂ ਦੇ ਇਹਨਾਂ ਸਥਾਨਕ ਲੋਕਾਂ ਨੇ ਏਸ਼ੀਅਨਜ਼ ਜਿਹਨਾਂ 'ਚ ਭਾਰਤੀ, ਜਾਪਾਨੀ ਤੇ ਚੀਨ ਤੋਂ ਆਏ ਪ੍ਰਵਾਸੀ ਲੋਕ ਸ਼ਾਮਲ ਸਨ, ਨਾਲ ਲੜਾਈ ਝਗੜੇ ਸ਼ੁਰੂ ਕਰ ਦਿੱਤੇ। ਪ੍ਰਵਾਸੀ ਲੋਕਾਂ ਦੀਆਂ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਇਆ ਗਿਆ।

ਜਾਪਾਨ ਤੇ ਚੀਨ ਦੀਆਂ ਸਰਕਾਰਾਂ ਨੇ ਅਮਰੀਕਨ ਸਰਕਾਰ ਨਾਲ ਗੱਲਬਾਤ ਕਰਕੇ ਆਪਣੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਵਚਨਬੱਧਤਾ ਕਰ ਲਈ ਪਰ ਭਾਰਤ ਦੀ ਅੰਗਰੇਜ਼ ਸਰਕਾਰ ਨੇ ਭਾਰਤੀ ਪ੍ਰਵਾਸੀਆਂ ਦੀ ਇਸ ਸਮੱਸਿਆ ਵੱਲ ਕੋਈ ਧਿਆਨ ਨਾ ਦਿੱਤਾ। ਭਾਰਤ 'ਚ ਅੰਗਰੇਜ ਸਰਕਾਰ ਦੀ ਇਸ ਅਣਦੇਖੀ ਨੇ ਪ੍ਰਵਾਸੀਆਂ ਦੇ ਮਨਾਂ 'ਚ ਵਸੀ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਤੀਬਰਤਾ ਨੂੰ ਹੋਰ ਪ੍ਰਚੰਡ ਕੀਤਾ।

1908 'ਚ ਸਿਆਟਲ (ਵਾਸ਼ਿੰਗਟਨ) ਤੋਂ ਤਾਰਕ ਨਾਥ ਨੇ ਬੰਗਾਲ ਤੋਂ ਜਲਾਵਤਨ ਕੀਤੇ ਸ੍ਰੀ ਸੁਰਿੰਦਰ ਮੋਹਨ ਬੋਸ ਦੀ ਜਥੇਬੰਦਕ ਅਗਵਾਈ 'ਚ 'ਫਰੀ ਇੰਡੀਆ' ਨਾਮ ਦਾ ਮਾਸਿਕ ਮੈਗਜ਼ੀਨ (ਅਖਬਾਰ) ਸ਼ੁਰੂ ਕੀਤਾ ਇਸ ਮੈਗਜ਼ੀਨ ਨੇ ਭਾਰਤ 'ਚ ਅੰਗਰੇਜ਼ ਸਰਕਾਰ ਦੇ ਖਿਲਾਫ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਥਿਆਰਬੰਦ ਸੰਘਰਸ਼ ਦਾ ਸਮਰਥਨ ਕੀਤਾ। ਸ੍ਰੀ ਤਾਰਕ ਨਾਥ ਨੇ 1911 'ਚ 'ਈਸਟ ਇੰਡੀਆ ਐਸੋਸੀਏਸ਼ਨ' ਦੀ ਸਥਾਪਨਾ ਵੀ ਕੀਤੀ। ਠੀਕ ਇਸੇ ਤਰ੍ਹਾਂ ਔਰੇਗਨ ਸਟੇਟ 'ਚ ਵੀ 1912 ਨੂੰ ਭਾਰਤੀ ਲੋਕਾਂ ਦੀ ਇਕ ਸਭਾ ਪੋਰਟਲੈਂਡ ਵਿਖੇ ਹੋਈ। ਇਸ ਸਭਾ 'ਚ 'ਦੀ ਹਿੰਦੁਸਤਾਨੀ ਐਸੋਸੀਏਸ਼ਨ' ਦੀ ਸਥਾਪਨਾ ਕੀਤੀ ਗਈ ਤੇ ਇਹ ਫੈਸਲਾ ਵੀ ਕੀਤਾ ਗਿਆ ਕਿ ਉਰਦੂ ਭਾਸ਼ਾ 'ਚ 'ਦੀ ਇੰਡੀਆ' ਨਾਮੀ ਸਪਤਾਹਿਕ ਅਖਬਾਰ ਵੀ ਸ਼ੁਰੂ ਕੀਤੀ ਜਾਵੇ।

1912 'ਚ ਜਿਹੜੀ 'ਦੀ ਹਿੰਦੋਸਤਾਨੀ ਐਸੋਸੀਏਸ਼ਨ' ਦੀ ਪੋਰਟਲੈਂਡ ਵਿਖੇ ਮੀਟਿੰਗ ਹੋਈ, ਉਹ ਅਖੀਰ 'ਚ 'ਗਦਰ ਪਾਰਟੀ' 'ਚ ਤਬਦੀਲ ਹੋ ਗਈ। ਸਰਦਾਰ ਸੋਹਣ ਸਿੰਘ ਭਕਨਾ ਤੇ ਭਾਈ ਊਧਮ ਸਿੰਘ ਕਸੇਲ ਨੂੰ ਆਪਣੀਆਂ ਨੌਕਰੀਆਂ ਛੱਡਣੀਆਂ ਪਈਆਂ ਤੇ ਉਹ ਆਸਟੋਰੀਆ (ਔਰੇਗੰਨ) ਆਪਣੇ ਦੋਸਤ ਭਾਈ ਕੇਸਰ ਸਿੰਘ ਨੂੰ ਮਿਲਣ ਲਈ ਚਲੇ ਗਏ।

ਇੱਥੇ ਉਨ੍ਹਾਂ ਨੇ ਆਪਣੀ ਪਾਰਟੀ ਦੀ ਇਕ ਬ੍ਰਾਂਚ ਸਥਾਪਤ ਕੀਤੀ। ਜਿਸ ਵਿਚ ਭਾਈ ਕੇਸਰ ਸਿੰਘ, ਮੁਨਸ਼ੀ ਕਰੀਬ ਬਖਸ਼ ਤੇ ਸ੍ਰੀ ਮੁਨਸ਼ੀ ਰਾਮ ਨੂੰ ਕ੍ਰਮਵਾਰ ਪ੍ਰਧਾਨ, ਸਕੱਤਰ ਤੇ ਖਜਾਨਚੀ ਥਾਪਿਆ ਗਿਆ। ਸਿਰਫ ਪਾਰਟੀ ਦੀਆਂ ਅਜੇ ਪੰਜ ਜਾਂ ਛੇ ਸਭਾਵਾਂ ਹੀ ਹੋਈਆਂ ਸਨ ਕਿ ਜੀ. ਡੀ. ਕੁਮਾਰ ਜਿਸ ਨੇ ਉਰਦੂ 'ਚ ਸਪਤਾਹਿਕ ਅਖਬਾਰ 'ਦੀ ਇੰਡੀਆ' ਸ਼ੁਰੂ ਕਰਨਾ ਸੀ, ਬਿਮਾਰ ਹੋ ਗਿਆ ਤੇ ਅਖਬਾਰ ਦੀ ਸੰਪਾਦਨਾ ਸ਼ੁਰੂ ਨਾ ਹੋ ਸਕੀ। ਠੀਕ ਇਹਨਾਂ ਦਿਨਾਂ ਵਿਚ ਲਾਲਾ ਠਾਕਰ ਦਾਸ 'ਧੂਰੀ' ਪੋਰਟਲੈਂਡ ਵਿਖੇ ਸੋਹਣ ਸਿੰਘ ਭਕਨਾ ਤੇ ਕਾਂਸ਼ੀ ਰਾਮ ਨੂੰ ਮਿਲਣ ਆਏ ਤੇ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਪੇਪਰ ਕੱਢਣ ਦਾ ਕੰਮ ਲਾਲਾ ਹਰਦਿਆਲ ਨੂੰ ਸੌਂਪ ਦਿੱਤਾ ਜਾਵੇ। ਲਾਲਾ ਹਰਦਿਆਲ ਇਸ ਪੇਪਰ ਦੀ ਸੰਪਾਦਨਾ ਲਈ ਸਹਿਮਤ ਹੋ ਗਏ। ਉਹ ਵੀ ਭਾਈ ਪਰਮਾਨੰਦ ਜੀ ਨਾਲ ਸੇਂਟਜੋਨ (ਔਰੇਗਨ) ਵਿਖੇ ਮਾਰਚ 1913 ਦੇ ਆਖਰੀ ਹਫਤੇ 'ਚ ਪਹੁੰਚ ਗਏ। ਸਥਾਪਤ ਸੰਸਥਾ ਦੀ ਮੀਟਿੰਗ ਬੁਲਾਈ ਗਈ, ਜਿਸ 'ਚ ਦੂਸਰੇ ਸ਼ਹਿਰਾਂ ਤੋਂ ਪਾਰਟੀ ਦੇ ਸਾਰੇ ਪ੍ਰਤੀਨਿਧਾਂ ਨੂੰ ਸੱਦਾ ਪੱਤਰ ਭੇਜ ਕੇ ਸ਼ਾਮਲ ਹੋਣ ਲਈ ਬੁਲਾਇਆ ਗਿਆ। ਇਸ ਮੀਟਿੰਗ 'ਚ ਇਹ ਫੈਸਲਾ ਲਿਆ ਗਿਆ ਕਿ 'ਦੀ ਹਿੰਦੋਸਤਾਨੀ ਐਸੋਸੀਏਸ਼ਨ' ਦੇ ਸਾਰੇ ਪਾਰਟੀ ਦਫਤਰਾਂ ਦਾ ਮੁੱਖ ਦਫਤਰ ਸਾਨਫਰਾਂਸਿਸਕੋ (ਕੈਲੇਫੋਰਨੀਆ) ਵਿਖੇ ਹੋਵੇਗਾ। ਇਸ ਦੇ ਨਾਲ ਇਹ ਫੈਸਲਾ ਵੀ ਲਿਆ ਗਿਆ ਕਿ ਨਾਲ ਲੱਗਦੇ ਹੋਰ ਸ਼ਹਿਰਾਂ 'ਚ ਵੀ ਪਾਰਟੀ ਦੇ ਦਫਤਰ ਸਥਾਪਤ ਕੀਤੇ ਜਾਣ।

ਸਾਨਫਰਾਂਸਿਸਕੋ ਮੁੱਖ ਦਫਤਰ ਦਾ ਨਾਮ 'ਗਦਰ ਆਸ਼ਰਮ' ਜਾਂ 'ਯੁਗਾਂਤਰ ਆਸ਼ਰਮ' ਹੋਵੇਗਾ ਤੇ ਪਾਰਟੀ ਦਾ ਨਾਮ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਹੋਵੇਗਾ। ਸਭ ਤੋਂ ਮਹੱਤਵਪੂਰਨ ਫੈਸਲਾ ਇਸ ਮੀਟਿੰਗ 'ਚ ਇਹ ਲਿਆ ਗਿਆ ਕਿ ਤਾਕਤ ਦੇ ਜ਼ੋਰ ਨਾਲ ਭਾਰਤ 'ਚੋਂ ਅੰਗਰੇਜ਼ੀ ਰਾਜ ਨੂੰ ਖਤਮ ਕੀਤਾ ਜਾਵੇਗਾ। ਇਸ ਐਕਸ਼ਨ ਤੋਂ ਪਹਿਲਾਂ ਭਾਰਤ ਦੇ ਕਿਰਤੀਆਂ, ਕਿਰਸਾਨਾਂ ਤੇ ਵਿਦਿਆਰਥੀਆਂ ਨੂੰ ਵਿਦੇਸ਼ੀ ਅੰਗਰੇਜ਼ ਸਰਕਾਰ ਦੁਆਰਾ ਕੀਤੇ ਜਾ ਰਹੇ ਉਹਨਾਂ ਦੇ ਸ਼ੋਸ਼ਣ ਬਾਰੇ ਜਾਗਰਿਤ ਕਰਕੇ, ਤਾਕਤ ਦੇ ਜ਼ੋਰ ਨਾਲ ਹਥਿਆਰਬੰਦ ਹੋ ਕੇ ਭਾਰਤ ਨੂੰ ਆਜ਼ਾਦ ਕਰਾਇਆ ਜਾਵੇਗਾ। ਮੀਟਿੰਗ ਦੇ ਅੰਤ 'ਚ ਇਹ ਨਿਰਣੇ ਵੀ ਲਏ ਗਏ:

(ੳ) ਜਥੇਬੰਦੀ ਦਾ ਨਾਮ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੀਫਿਕ ਕੋਸਟ' ਹੋਵੇਗਾ।

(ਅ) ਜਥੇਬੰਦੀ ਦਾ ਮੁੱਖ ਨਿਸ਼ਾਨਾ ਭਾਰਤ 'ਚੋਂ ਅੰਗਰੇਜ਼ ਹਕੂਮਤ ਦਾ ਰਾਜ ਖਤਮ ਕਰਨਾ ਹੋਵੇਗਾ। ਇਸ ਲਈ ਹਿੰਸਕ ਕਾਰਵਾਈਆਂ ਤੇ ਹਥਿਆਰਬੰਦ ਹੋ ਕੇ ਵਿਦਰੋਹ ਕੀਤਾ ਜਾਵੇਗਾ ਤੇ ਭਾਰਤ 'ਚ ਆਜ਼ਾਦ ਤੇ ਸਮਾਜਿਕ ਬਰਾਬਰੀ ਦਾ ਰਾਜ ਸਥਾਪਤ ਕੀਤਾ ਜਾਵੇਗਾ।

(ੲ) ਜਥੇਬੰਦੀ ਦਾ ਮੁੱਖ ਦਫਤਰ ਸਾਨਫਰਾਂਸਿਸਕੋ (ਕੈਲੇਫੋਰਨੀਆ) ਵਿਖੇ ਹੋਵੇਗਾ ਕਿਉਂਕਿ ਇਹ ਇਕ ਬੰਦਰਗਾਹ ਵੀ ਹੈ ਤੇ ਵਿਦੇਸ਼ੀ ਵਿਦਰੋਹੀਆਂ ਦਾ ਕੇਂਦਰ ਵੀ ਹੈ।

(ਸ) ਜਥੇਬੰਦੀ ਇਕ ਸਪਤਾਹਿਕ ਅਖ਼ਬਾਰ ਉਰਦੂ, ਪੰਜਾਬੀ, ਹਿੰਦੀ ਤੇ ਹੋਰ ਭਾਸ਼ਾਵਾਂ 'ਚ ਸ਼ੁਰੂ ਕਰੇਗੀ, ਜਿਸ ਦਾ ਨਾਮ 'ਦੀ ਗਦਰ' ਹੋਵੇਗਾ।

(ਹ) ਜਥੇਬੰਦੀ ਦੀ ਚੋਣ ਹਰ ਸਾਲ ਹੋਵੇਗੀ।

(ਕ) ਲੱਗਭੱਗ ਹਰ ਦੇਸ਼ 'ਚ 'ਗਦਰ ਪਾਰਟੀ' ਦੀ ਸ਼ਾਖ ਜਾਂ ਸ਼ਾਖਾਵਾਂ ਮੌਜੂਦ ਹੋਣਗੀਆਂ, ਜਿਹਨਾਂ ਦੇਸ਼ਾਂ 'ਚ ਬ੍ਰਿਟਿਸ਼ ਸਰਕਾਰ ਨਹੀਂ ਹੋਵੇਗੀ, ਉਥੇ ਦਫਤਰ ਖੁੱਲ੍ਹੇਆਮ ਕੰਮ ਕਰੇਗਾ ਤੇ ਜਿਸ ਦੇਸ਼ 'ਤੇ ਅੰਗਰੇਜ਼ਾਂ ਦੀ ਹਕੂਮਤ ਹੋਵੇਗੀ, ਉਥੇ 'ਗਦਰ ਪਰਟੀ' ਗੁਪਤ ਰੂਪ 'ਚ ਕੰਮ ਕਰੇਗੀ।

**ਗਦਰ ਪਾਰਟੀ ਦੀ ਅਸਫਲਤਾ ਦੇ ਕਾਰਨ:**

ਗਦਰ ਪਾਰਟੀ ਦੀ ਅਸਫਲਤਾ ਦੇ ਕਈ ਕਾਰਨ ਹਨ ਪਰ ਪ੍ਰਮੁੱਖ ਰੂਪ 'ਚ ਇਹ ਨਿਮਨ-ਲਿਖਤ ਹਨ:-

(ੳ) ਗਦਰ ਪਾਰਟੀ ਦੀ ਉਮਰ ਸਿਰਫ ਡੇਢ ਸਾਲ ਹੀ ਸੀ ਤੇ ਇਹ ਇੰਨੇ ਥੋੜ੍ਹੇ ਸਮੇਂ 'ਚ ਪੂਰੀ ਤਰ੍ਹਾਂ ਸਥਾਪਤ ਨਹੀਂ ਹੋ ਸਕੀ। ਜਦੋਂ ਸੰਸਾਰ ਦਾ ਪਹਿਲਾ ਯੁੱਧ 1914 'ਚ ਸ਼ੁਰੂ ਹੋਇਆ ਤਾਂ ਗਦਰੀਆਂ ਨੇ ਬਿਨਾਂ ਪੂਰੀ ਤਿਆਰੀ ਦੇ, ਭਾਰਤ 'ਚ ਅੰਗਰੇਜ਼ ਸਰਕਾਰ ਦੇ ਖਿਲਾਫ ਗਦਰ ਦਾ ਐਲਾਨ ਕਰ ਦਿੱਤਾ।

(ਅ) ਗਦਰੀਏ ਅਮਰੀਕਾ ਤੇ ਦੂਸਰੇ ਦੇਸ਼ਾਂ ਤੋਂ ਬੜੀ ਜਲਦੀ ਨਾਲ ਭਾਰਤ ਪਹੁੰਚੇ। ਉਨ੍ਹਾਂ ਦੇ ਮਨ 'ਚ ਇਹ ਪ੍ਰਭਾਵ ਸੀ ਕਿ ਭਾਰਤ ਦੇ ਲੋਕ ਆਜ਼ਾਦੀ ਦੇ ਸੰਘਰਸ਼ ਤੇ ਹਥਿਆਰਬੰਦ ਵਿਦਰੋਹ ਲਈ ਬਿਲਕੁਲ ਤਿਆਰ ਹਨ ਪਰ ਜਦੋਂ ਉਨ੍ਹਾਂ ਨੇ ਭਾਰਤ ਪਹੁੰਚ ਕੇ ਦੇਖਿਆ ਤਾਂ ਹਾਲਾਤ ਇਸ ਦੇ ਉਲਟ ਸਨ ਜੋ ਉਹ ਦੇਸ਼ ਤੋਂ ਬਾਹਰ ਬੈਠੇ ਸਮਝਦੇ ਸਨ। ਭਾਰਤੀਯ ਰਾਸ਼ਟਰੀ ਕਾਂਗਰਸ, ਚੀਫ ਖਾਲਸਾ ਦੀਵਾਨ (ਇਕ ਸਿੱਖ ਜਥੇਬੰਦੀ), ਮਹਾਤਮਾ ਗਾਂਧੀ, ਬੀ. ਜੇ. ਤਿਲਕ ਤੇ ਕੁਝ ਹੋਰ ਜਥੇਬੰਦੀਆਂ ਦੀ ਹਮਦਰਦੀ ਅੰਗਰੇਜ਼ ਸਰਕਾਰ ਦੇ ਨਾਲ ਸੀ, ਕਿਉਂਕਿ ਸਰਕਾਰ ਸੰਸਾਰ ਦੇ ਪਹਿਲੇ ਮਹਾਂਯੁੱਧ 'ਚ ਰੁਝੀ ਹੋਈ ਸੀ। ਪੰਜਾਬੀਆਂ ਨੂੰ ਫੌਜ 'ਚ ਜਬਰਦਸਤੀ ਭਰਤੀ ਕਰਕੇ ਲੜਾਈ ਦੇ ਅਗਲੇ ਮੋਰਚਿਆਂ 'ਚ ਭੇਜਿਆ ਜਾ ਰਿਹਾ ਸੀ। ਗੁਰਦੁਆਰਿਆਂ, ਮੰਦਰਾਂ ਤੇ ਮਸਜਿਦਾਂ 'ਚ ਫੌਜੀਆਂ ਦੀ ਸਲਾਮਤੀ ਤੇ ਅੰਗਰੇਜ਼ਾਂ ਦੀ ਜਿੱਤ ਦੀਆਂ ਅਰਦਾਸਾਂ, ਦੁਆਵਾਂ ਤੇ ਨਮਾਜ਼ਾਂ ਪੜ੍ਹੀਆਂ ਜਾ ਰਹੀਆਂ ਸਨ।

(ੲ) ਗਦਰ ਪਾਰਟੀ ਦੇ ਬਹੁਤ ਸਾਰੇ ਨੇਤਾਵਾਂ ਨੂੰ ਜਹਾਜ਼ੋਂ ਉਤਰਦਿਆਂ ਹੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਤੇ ਇਹਨਾਂ ਗ੍ਰਿਫਤਾਰੀਆਂ ਨਾਲ ਮਾਨੋ ਗਦਰ ਪਾਰਟੀ ਦੀ ਜਿਵੇਂ ਰੀੜ ਦੀ ਹੱਡੀ ਹੀ ਟੁੱਟ ਗਈ ਹੋਵੇ।

(ਸ) ਬਾਹਰਲੇ ਦੇਸ਼ਾਂ ਤੋਂ ਜੋ ਅਸਲਾ ਤੇ ਹਥਿਆਰ ਭਾਰਤ 'ਚ ਹਥਿਆਰਬੰਦ ਵਿਦਰੋਹ 'ਚ ਵਰਤਣ ਲਈ ਭੇਜਿਆ ਸੀ, ਉਹ ਭਾਰਤ ਨਾ ਪਹੁੰਚ ਸਕਿਆ ਜਿਵੇਂ- ਸੈਨਡੀਆਗੋ (ਕੈਲੇਫੋਰਨੀਆ) ਤੋਂ "ਐਨਲਾਰਸਨ" ਸਮੁੰਦਰੀ ਜਹਾਜ਼ 'ਚ ਭੇਜਿਆ ਗਿਆ ਅਸਲਾ ਤੇ ਹਥਿਆਰ ਰਸਤੇ 'ਚ ਹੀ ਤਲਾਸ਼ੀ ਲੈ ਕੇ ਜ਼ਬਤ ਕਰ ਲਿਆ ਗਿਆ ਸੀ।

(ਹ) ਸਰਦਾਰ ਕਿਰਪਾਲ ਸਿੰਘ ਨੂੰ ਗਦਰ ਪਾਰਟੀ ਦੀ ਸ੍ਰੀ ਸ਼ਰਤ ਚੰਦਰ ਬੋਸ ਦੀ ਅਗਵਾਈ 'ਚ ਬਣੀ ਕਮੇਟੀ 'ਚ ਸ਼ਾਮਲ ਕਰਨਾ ਪਾਰਟੀ ਦੀ ਬਹੁਤ ਵੱਡੀ ਗਲਤੀ ਸੀ। ਇਹ ਕਿਰਪਾਲ ਸਿੰਘ ਉਹੀ ਗਦਾਰ ਹੈ, ਜਿਸ ਨੇ ਗਦਰ ਪਾਰਟੀ ਦੀ ਭਾਰਤ 'ਚ ਹੋਣ ਵਾਲੀ ਵਿਦਰੋਹ ਦੀ ਨਿਸਚਿਤ ਮਿਤੀਆਂ ਸਮੇਤ ਕਾਰਵਾਈ ਦੀ ਸਾਰੀ ਯੋਜਨਾ ਦਾ ਭੇਦ ਭਾਰਤ 'ਚ ਮੌਜੂਦ ਅੰਗਰੇਜ਼ ਸਰਕਾਰ ਨੂੰ ਦੇ ਦਿੱਤਾ, ਜਿਸ ਕਾਰਨ ਅੰਗਰੇਜ਼ ਸਰਕਾਰ ਨੂੰ ਗਦਰ ਦੇ ਸਮੇਂ ਤੋਂ ਪਹਿਲਾਂ ਗਦਰੀਆਂ ਖਿਲਾਫ ਕਾਰਵਾਈ ਕਰਨ ਦਾ ਕਾਫੀ ਸਮਾਂ ਮਿਲ ਗਿਆ।

ਐ ਬੋਝ ਨਾਲ ਥੱਕੇ ਮਾਰੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ। (ਮਤੀ 11/28)

ਰੂਹਾਨੀ ਫੈਲੋਸ਼ਿੱਪ ਚਰਚ ਰਿਪਨ ਕੈਲੇਫੋਰਨੀਆ

517 ORANGE AVE., RIPON CA

ਉਸ ਸੱਚੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਕੈਲੇਫੋਰਨੀਆ ਦੇ ਸ਼ਹਿਰ ਰਿਪਨ ਵਿਚ ਪੰਜਾਬੀ ਚਰਚ ਖੁੱਲ੍ਹ ਚੁੱਕਾ ਹੈ, ਅਸੀਂ ਉਸ ਪਰਮ ਪਿਤਾ ਦਾ ਧੰਨਵਾਦ ਕਰਦੇ ਹਾਂ, ਜਿਸ ਨੇ ਇਹ ਕਿਰਪਾ ਕੀਤੀ ਹੈ। ਅਸੀਂ ਆਪ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪ ਸਭ ਇਸ ਚਰਚ ਵਿਚ ਆਵੋ ਅਤੇ ਜ਼ਿੰਦਗੀ ਦੇ ਸੁੱਖ ਪਾਵੋ।

ਸਾਡੀ ਚਰਚ ਸਰਵਿਸ ਹਰ ਐਤਵਾਰ ਨੂੰ ਹੁੰਦੀ ਹੈ।

ਸਵੇਰੇ 10.30 ਤੋਂ 11.00 ਵਜੇ ਤੱਕ ਬਾਈਬਲ ਸਟੱਡੀ, 11.00 ਤੋਂ 12.30 ਵਜੇ ਤੱਕ ਪ੍ਰਮੇਸ਼ਵਰ ਦਾ ਗੁਣਗਾਨ ਅਤੇ ਵਚਨ, ਪ੍ਰਾਰਥਨਾ

ਜਿਹਨਾਂ ਲੋਕਾਂ ਨੂੰ ਕੋਈ ਬਿਮਾਰੀ ਜਾਂ ਭੈੜੀਆਂ ਆਤਮਾਵਾਂ ਦੀ ਸਮੱਸਿਆ ਹੈ, ਉਹਨਾਂ ਲਈ ਖਾਸ ਪ੍ਰਾਰਥਨਾ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਫੋਨ ਕਰੋ

ਅਜੇ ਪੌਲ 510-359-9498
ਸੰਦੀਪ ਪੀਟਰ 916-990-7152
ਚੰਦਨ ਸਿੰਘ 209-242-3642

Pastor
A. M Gill
408-390-0996

# ਅੰਬੇਡਕਰ- ਸਿੱਖ ਧਰਮ ਅਤੇ ਸਿੱਖ ਦੁਖਾਂਤ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਇਸ ਤੋਂ ਪਹਿਲਾਂ ਕਿ ਬਾਕੀ ਚਰਚਾ ਕੀਤੀ ਜਾਵੇ ਮੈਂ ਮੁੱਢ ਵਿਚ ਹੀ ਇਹ ਕਹਿਣਾ ਸਹੀ ਸਮਝਦਾ ਹਾਂ ਕਿ ਉਹ ਵੀ ਸਿੱਖ ਹੀ ਸਨ, ਜਿਹਨਾਂ ਨੇ ਅੰਬੇਡਕਰ ਦੇ ਸਿੱਖ ਬਣਨ ਦੇ ਮਸ਼ਵਰੇ ਨੂੰ ਪ੍ਰਵਾਨ ਕਰਦਿਆਂ, ਉਸਦੇ ਨਾਲ ਸਿਰ ਜੋੜ ਕੇ ਖੜ੍ਹੇ ਅਤੇ ਮਿਸ਼ਨ ਦੇ ਢੇਰੀ ਹੋ ਜਾਣ ਤੱਕ ਨਾਲ ਖੜ੍ਹੇ ਰਹੇ। ਤੇ ਅੰਤ ਹਤਾਸ਼ ਹੋ ਗਏ। ਉਹ ਸਿੱਖ ਸਨ। ਉਹਨਾਂ ਨੂੰ ਅੰਬੇਡਕਰ ਤੋਂ ਨੀਵੀਂ ਜਾਤ ਦੀ ਛੂਤ ਨਹੀਂ ਲੱਗੀ। ਉਹ ਸਧਾਰਨ ਸਿੱਖ ਵੀ ਨਹੀਂ ਕਹੇ ਜਾ ਸਕਦੇ। ਪਹਿਲੀ ਗੱਲ ਤਾਂ ਇਹ ਕਿ ਉਹਨਾਂ ਨੇ ਬ੍ਰਾਹਮਣ ਦੀ ਵੈਦਿਕ ਆਰੀਆ ਵਰਨ ਜਾਤੀ ਪ੍ਰਥਾ ਨੂੰ ਪੈਰਾਂ ਹੇਠ ਕੁਚਲਿਆ। ਵਰਨਾ ਉਹ ਸਭ ਤੋਂ ਨੀਵੇਂ ਦਰਜੇ ਦੇ ਅਛੂਤ ਨੂੰ ਇਸ ਪ੍ਰਵਰਤਨ ਕਰਨ ਲਈ ਸਾਥ ਦੇਣ ਦੀ ਹਾਮੀ ਨਾ ਭਰਦੇ। ਨਿਸ਼ਚਿਤ ਹੀ ਗੁਰੂ ਦੇ ਸਿੱਖ ਸਨ, ਜਿਹਨਾਂ ਨੂੰ ਸਮਝ ਸੀ ਕਿ ਸਿੱਖ ਧਰਮ ਬ੍ਰਾਹਮਣੀ ਵਿਵਸਥਾ ਵਿਰੁੱਧ ਕ੍ਰਾਂਤੀ ਸੀ ਤੇ ਉਸ 500 ਸਾਲ ਲੰਬੀ ਕ੍ਰਾਂਤੀ ਵਿਚੋਂ ਸਿੱਖਾਂ ਦਾ ਜਨਮ ਹੋਇਆ ਸੀ। ਜਿਹਨਾਂ ਨੂੰ ਬੋਧੀ ਮੂਲ ਵਾਸੀਆਂ ਤੋਂ ਜਬਰਨ ਹਿੰਦੂ ਬਣਾ ਲਿਆ ਗਿਆ ਸੀ। ਮੰਨੂੰ ਸਿਮਰਤੀ ਵਿਧਾਨ ਅਧੀਨ ਨਿਚਲੇ ਦਰਜੇ ਦੇ ਗੁਲਾਮ ਬਣਾ ਲਿਆ ਸੀ। ਘੋਰ ਜ਼ੁਲਮ ਅਤੇ ਮਹਾਨ ਸੰਤ ਪੁਰਖਾਂ ਤੇ ਗੁਰੂ ਪੁਰਖਾਂ ਦੀ ਵਿਚਾਰਧਾਰਾ ਨੂੰ ਜਦੋਂ 13 ਅਪ੍ਰੈਲ 1699 ਦੀ ਵਿਸਾਖੀ ਤੇ ਗੁਰੂ ਨੇ ਅਮਲੀ ਰੂਪ ਦਿੱਤਾ ਤਾਂ ਸਿੱਖ ਪਛਾਣ ਦਾ ਜਨਮ ਹੋਇਆ ਤੇ ਪਛਾਣੇ ਸਿੱਖ ਨੂੰ ਜੋ ''ਅਛੂਤ ਸੀ'' (ਉਦੋਂ ਨੀਵੀਆਂ ਜਾਤੀਆਂ ਜਾਂ ਤਾਂ ਸ਼ੂਦਰ ਸਨ ਜਾਂ ਅਛੂਤ) ਸਮਾਜ ਦੇ ਕੁਝ ਲੋਕ ਹੀ ਸਛੂਤ ਸਨ, ਜਿਹਨਾਂ ਨੂੰ ਬ੍ਰਾਹਮਣ ਨੇ ਆਪਣੀ ਤੇ ਬਾਕੀ ਵਰਨਾਂ ਦੀ ਸਿੱਧੀ ਗੁਲਾਮੀ ਕਰਨ ਦੀ ਦ੍ਰਿਸ਼ਟੀ ਤੋਂ ਭਾਵ ਘਰੇਲੂ ਧੰਦੇ ਕਰਵਾਉਣ ਲਈ ਫਿਰਨੀ ਦੇ ਆਸ ਪਾਸ ਲੈ ਆਂਦਾ ਸੀ। ਜੋ ਜ਼ਿੰਦਗੀ ਦੀ ''ਹਰ ਇਕ'' ਜ਼ਰੂਰਤ ਪੂਰੀ ਕਰਨ ਲਈ ਵਚਨਬੱਧ ਸਨ। ਬਾਕੀਆਂ ਨੂੰ ਬਸਤੀਆਂ ਤੋਂ ਦੂਰ ਸੁੱਟ ਦਿੱਤਾ ਗਿਆ ਸੀ, ਜਿਹਨਾਂ ਦੀ ਹਵਾ ਵੀ ਭਿੱਟ ਦਿੰਦੀ ਸੀ। ਪ੍ਰੰਤੂ ਜੋ ਗੋਲਾ ਧੰਦਾ ਕਰ ਸਕਦੇ ਸਨ, ਜ਼ਰੂਰੀ ਲੋੜਾਂ ਪੂਰੀਆਂ ਕਰਨ ਵਾਲੇ ਸਨ, ਜਿਹਨਾਂ ਦੀ ਔਰਤ ਵੀ ਗੁਲਾਮ ਸੀ, ਉਹਨਾਂ ਨੂੰ ਮਗਰੋਂ ਜਾ ਕੇ ਸਛੂਤ ਦਾ ਨਾਂ ਦਿੱਤਾ ਗਿਆ। ਪ੍ਰੰਤੂ ਇਹਨਾਂ ਦੀ ਸਛੂਤਤਾ ਇਸ ਸ਼ਰਤ ਤੇ ਪ੍ਰਵਾਨ ਕੀਤੀ ਗਈ ਸੀ ਕਿ ਉਹ ਅਛੂਤ ਭਰਾਵਾਂ ਨਾਲ ਵਰਤ ਵਰਤਾਰਾ ਨਹੀਂ ਕਰਨਗੇ।ਅਛੂਤਾ ਪਣ ਨੂੰ ਬ੍ਰਾਹਮਣ ਨੇ ਏਨਾ ਭਿਆਨਕ ਬਣਾ ਦਿੱਤਾ ਸੀ ਕਿ ਇਹਨਾਂ ਦੇ ਪਿੰਡ ਜਾਂ ਬਸਤੀ ਅੰਦਰ ਆਉਣ ਦਾ ਸਮਾਂ ਕਰੀਬ ਸਿਖਰ ਦੁਪਹਿਰ ਹੁੰਦਾ ਸੀ ਜਦੋਂ ਪਰਛਾਵਾਂ ਪੈਰਾਂ 'ਚ ਪੈਂਦਾ ਹੋਵੇ। ਯਾਦ ਰਹੇ ਕਿ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਜਦੋਂ ਬ੍ਰਾਹਮਣ ਵਰਗ ਨੇ ਸਿੱਖ ਧਰਮ ਤੇ ਕਬਜ਼ਾ ਕੀਤਾ ਤਾਂ ਅਛੂਤਾਂ ਅਤੇ ਸਛੂਤਾਂ ਦੋਹਾਂ ਤਰ੍ਹਾਂ ਦੇ ਸਿੱਖਾਂ ਨੂੰ ਦਰਬਾਰ ਸਾਹਿਬ ਵਿਚ ਆਉਣ ਤੋਂ ਵਰਜਿਆ ਗਿਆ ਸੀ ਜਾਂ ਉਹਨਾਂ ਦੇ ਆਉਣ ਦਾ ਇਕ ਸਮਾਂ ਮਿੱਥਿਆ ਗਿਆ ਸੀ ਜਦੋਂ ਬਾਕੀ ਉਥੋਂ ਹਟ ਜਾਂਦੇ ਸਨ। 1947 ਦੇ ਸਮਿਆਂ ਤੱਕ ਸਾਰੇ ਪਿੰਡਾਂ ਦੇ ਗੁਰੂ ਘਰਾਂ ਵਿਚ ਖ਼ਾਸ ਕਰਕੇ ਅਛੂਤ ਜਾਤੀਆਂ ਦਾ ਇਕ ਹੱਦ ਤੋਂ ਅੰਦਰ ਜਾਣਾ ਵਰਜਿਤ ਸੀ। ਜਿਸਦੀ ਸਭ ਤੋਂ ਵੱਡੀ ਉਦਾਹਰਣ ਹੈ ਕਿ ਡੁੱਬ ਰਹੀ ਤੇ ਖਤਮ ਕੀਤੀ ਗਈ ਸਿੱਖੀ ਨੂੰ ਮੁੜ ਸੁਰਜੀਤ ਕਰਨ ਵਾਲੇ ਪੰਜਾਬੀ ਦੇ ਪ੍ਰਥਮ ਪ੍ਰੋਫੈਸਰ ਗਿਆਨੀ ਦਿੱਤ ਸਿੰਘ ਨੂੰ ਗੁਰੂ ਘਰ ਵਿਚ ਨਾ ਦੇਗ ਦਿੱਤੀ ਜਾਂਦੀ ਸੀ ਨਾ ਲੰਗਰ ਦੀ ਕਤਾਰ ਵਿਚ ਬੈਠਣ ਦੀ ਆਗਿਆ ਸੀ। 1960-65 ਤੱਕ ਸਰੋਵਰਾਂ ਅੰਦਰ ਨਹਾਉਣ ਵੇਲੇ ਕਈ ਥਾਂਵਾਂ 'ਤੇ ਜਾਤ ਪੁੱਛੀ ਜਾਂਦੀ ਸੀ। ਪਾਣੀ, ਪਨਾਹ ਤੇ ਕੋਈ ਚੀਜ਼ ਵਸਤ ਲੈਣ ਦੇਣ ਵੇਲੇ ਸਭ ਲੋਕ ਪਹਿਲਾਂ ਜਾਤ ਪੁੱਛਿਆ ਕਰਦੇ ਸਨ। 60-65 ਵਿਚ ਸਾਡੀ ਖੂਹੀ ਤੋਂ ਕੋਈ ਉੱਚੀ ਜਾਤ ਦਾ ਸਿੱਖ ਪਾਣੀ ਨਹੀਂ ਪੀਂਦਾ ਸੀ ਤੇ ਅਸੀਂ ਮਜ਼੍ਹਬੀ ਚਮਾਰ, ਜੁਲਾਹੇ ਆਦਿ ਜੱਟ ਸਿੱਖਾਂ ਦੇ ਬਾਹਰਲੇ ਦਲਾਨ ਵਿਚ ਹੀ ਖੜ੍ਹ ਸਕਦੇ ਸਾਂ। ਕਹਿਣ ਦਾ ਭਾਵ ਕਿ ਸਿੱਖਾਂ ਅੰਦਰ ਵੀ ਉਸ ਭਿਆਨਕ ਬਿਮਾਰੀ ਦਾ ਅਸਰ ਮੁੜ ਸੁਰਜੀਤ ਹੋ ਗਿਆ ਸੀ ਤੇ ਇਹ 1699 ਤੱਕ ਕਿੰਨਾ ਭਿਅੰਕਰ ਹੋਵੇਗਾ, ਸਮਝਣਾ ਔਖਾ ਨਹੀਂ। ਕੋਈ ਮਨੁੱਖ ਇਹ ਅੰਦਾਜ਼ਾ ਲਗਾ ਸਕਦਾ ਹੈ ਕਿ ਗੁਰੂ ਨਾਨਕ ਨੂੰ ਅਛੂਤਾਂ ਦੀ ਬਾਣੀ ਲਿਆਉਣ, ਗਾਉਣ ਤੇ ਸੁਣਾਉਣ-ਸਮਝਾਉਣ ਸਮੇਂ ਕਿੰਨੇ ਮਾੜੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ ਤੇ ਉਹ ਹਾਲਾਤ ਉਦੋਂ ਕਿੰਨੇ ਭਿਆਨਕ ਹੋਣਗੇ ਜਦੋਂ ਉਹਨਾਂ ਦਾ ਸਪਸ਼ਟ ਸਬੰਧ ਅਛੂਤ ਤਰਖਾਣ, ਡੂਮ ਮਰਦਾਨਾ, ਛੀਂਬਾ ਅਤੇ ਆਦਿਵਾਸੀ ਕੌਡਾ ਨਾਲ ਸੀ। ਤੇ ਜਦੋਂ ਗੁਰੂ ਜੀ ਨੇ 1699 ਨੂੰ, ਸਿੰਘਾਂ ਜਿਹਨਾਂ ਵਿਚੋਂ ਸਿਰਫ ਇਕ ਖੱਤਰੀ ਸੀ ਤੇ ਬਾਕੀ ਚਾਰੇ ਅਛੂਤ ਨੀਵੀਂ ਜਾਤ ਦੇ ਸਨ, ਨੂੰ ਜਦੋਂ ਆਪਸ ਵਿਚ ਜੂਠਾ ਅੰਮ੍ਰਿਤ ਪਿਆਇਆ (ਜੋ ਧਰਮ ਦੀ ਕਸਮ ਸੀ ਬ੍ਰਾਹਮਣੀ ਵਿਵਸਥਾ ਨੂੰ ਤੋੜ ਮਾਰਨ ਦੇ) ਤੇ ਫਿਰ ਉਹੀ ਜੂਠਾ ਅੰਮ੍ਰਿਤ ਆਪ ਪੀਤਾ ਤਾਂ ਉਹ ਕਿਹੋ ਜਿਹੇ ਹਾਲਾਤ ਦਾ ਸਾਹਮਣਾ ਕਰ ਰਹੇ ਹੋਣਗੇ। ਇਹ ਸ਼ਾਇਦ ਮੈਂ ਬਹੁਤ ਗਹਿਰਾਈ ਨਾਲ ਜਾਣ ਸਕਦਾ ਹਾਂ ਤੇ ਮੇਰਾ ਕਹਿਣਾ ਹੈ ਕਿ ਉਹ ਸਮਾਂ ਤੇ ਪ੍ਰਵਰਤਨ ਸਮਾਜੀ ਕ੍ਰਾਂਤੀ ਦੀ ਅਮਲ ਦਾ ਸਿਖਰ ਸੀ। ਗੁਰੂ ਜੀ ਨੇ ਉਸ ਵੇਲੇ ਭਾਸ਼ਣ ਦਿੱਤਾ ਜੋ ਰਿਕਾਰਡ ਵਿਚ ਹੈ, ਉਹ ਸੌ ਫੀਸਦੀ ਬ੍ਰਾਹਮਣ ਦੇ ਅਡੰਬਰ ਅਤੇ ਉਸਦੀ ਜਾਤ ਪਾਤੀ ਪ੍ਰਥਾ ਵਿਰੁੱਧ ਸੀ। ਤੇ ਇਉਂ ਇਕ ਸਿੱਖ ਦਾ ਜਨਮ ਹੋਇਆ, ਜਿਸਨੂੰ 500 ਸਾਲ ਲੱਗੇ ਬਣਨ 'ਤੇ।

ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਿਹਨਾਂ ਸਿੱਖ ਮਨੁੱਖਾਂ ਨੇ ਅਛੂਤ ਅੰਬੇਡਕਰ ਨਾਲ ਕਰੋਪੀ ਵਰਤਾਰਾ ਕੀਤਾ, ਉਸਦੀ ਸਲਾਹ ਪ੍ਰਵਾਨ ਕੀਤੀ, ਉਸ ਲਈ ਉੱਠ ਖੜ੍ਹੇ ਹੋਏ। ਉਸਨੂੰ ਸਮਾਗਮਾਂ ਵਿਚ ਲਿਆਂਦਾ ਅਤੇ ਧਰਮ ਪ੍ਰਵਰਤਨ ਲਈ ਤਿਆਰੀਆਂ ਕੀਤੀਆਂ। ਉਹ ਆਮ ਸਿੱਖ ਨਹੀਂ ਸਨ। ਉਹਨਾਂ ਨੂੰ ਉਸ ਵੇਲੇ ਦੇ ਸਭ ਤੋਂ ਵੱਡੇ ਯੋਧਾ ਸਿੱਖ ਕਹਿਣਾ ਭੋਰਾ ਵੀ ਗਲਤ ਨਹੀਂ। ਉਹ ਦਿਮਾਗੀ ਤੌਰ 'ਤੇ ਵੀ ਸਿੱਖ ਇਨਕਲਾਬ ਤੋਂ ਪੂਰੀ ਤਰ੍ਹਾਂ ਜਾਣੂੰ ਸਨ ਤੇ ਉਹਨਾਂ ਨੇ ਅੰਬੇਡਕਰ ਦੇ ਵੱਡੇ ਸੁਪਨਿਆਂ ਦੀ ਹਾਮੀ ਇਸ ਕਰਕੇ ਭਰੀ ਕਿਉਂਕਿ ਉਹ ਸੰਤ ਨਾਮਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦੇ ਸਿੱਖੀ ਵਿਚਾਰਧਾਰਕ ਸਫਰ ਤੋਂ ਵਾਕਫ਼ ਸਨ। ਵਰਨਾ ਅੰਬੇਡਕਰ ਵਰਗੇ ਬੰਦੇ ਨੂੰ ਜੋ ਅਛੂਤ ਵੀ ਸੀ, ਪ੍ਰਵਾਨ ਕਰਨਾ ਤੇ ਉਸਦਾ ਸਾਥ ਦੇਣਾ ਉਸ ਵੇਲੇ ਦੇ ਸਮਾਜ ਵਿਚ ਪੂਰੀ ਤਰ੍ਹਾਂ ਬਹੁਤ ਆਨੰਦ ਦੇ ਸਕਦਾ ਸੀ। ਉਹਨਾਂ ਰਲ ਮਿਲ ਕੇ ਕਈ ਕਦਮ ਚੁੱਕੇ ਅਤੇ ਮਾਹੌਲ ਬਣਾਇਆ। ਪ੍ਰੰਤੂ ਜਲਦੀ ਹੀ ਜਾਤਪ੍ਰਸਤ ਸਿੱਖਾਂ ਨੇ ਸਾਰੀ ਖੇਡ ਹੀ ਨਹੀਂ ਵਿਗਾੜੀ ਸਗੋਂ ਅੰਬੇਡਕਰ ਵਰਗੇ ਮਹਾਨ ਦਾਰਸ਼ਨਿਕ ਦਾ ਜਾਤੀ ਅਪਮਾਨ ਵੀ ਕੀਤਾ। ਉਸਨੂੰ ਗੁਰੂ ਦੇ ਘਰ ਤੋਂ ਨਿਰਾਸ਼ ਕੀਤਾ। ਉਹਨਾਂ ਸਿੱਖੀ ਦੇ 800 ਸਾਲ ਲੰਬੇ ਇਤਿਹਾਸ ਦਾ ਕਾਲਾ ਵਰਕਾ ਲਿਖਿਆ। ਇਹ ਸਬੂਤ ਹੁੰਦਾ ਹੈ ਕਿ ਉਹ ਸਿੱਖ ਗਾਂਧੀ ਦੀ ਧਿਰ ਦੇ, ਬ੍ਰਾਹਮਣ ਵਰਗ ਦੇ ਪੈਰੋਕਾਰ ਅਤੇ ਆਰੀਆ ਸਮਾਜੀ ਬਿਰਤੀ ਦੇ ਲੋਕ ਸਨ। ਉਹ ਭਾਵੇਂ ਬਹੁਤੇ ਨਹੀਂ ਸਨ ਪ੍ਰੰਤੂ ਸਮਾਜ ਅੰਦਰ ਵਿਸ਼ੇਸ਼ ਥਾਂ ਰੱਖਣ ਵਾਲੇ ਅਜਿਹੇ ਲੋਕ ਸਨ ਜਿਹਨਾਂ ਨੇ ਧਰਮ ਦੇ ਨਾਂ 'ਤੇ ਸਿੱਖ ਸ਼ਕਲਾਂ ਵਿਚ, ਬ੍ਰਾਹਮਣੀ ਧਾਰਾ ਦੇ ਜਾਤਪਾਤੀ ਲੋਕ ਸਨ ਜੋ ਲਹਿਰ ਦੇ ਮੁੱਢ ਕਦੀਮ ਤੋਂ ਹੀ ਦੁਸ਼ਮਣੀਆਂ ਕਰਦੇ ਆਏ ਲੋਕਾਂ ਦੀ ਪੀੜ੍ਹੀ ਸਨ। ਸਿੱਖਾਂ ਦੀ ਬਹੁਗਿਣਤੀ, ਸਿੱਖ ਨੂੰ ਸ਼ਕਲ ਤੋਂ ਵੇਖਦੀ ਮੰਨਦੀ ਤੇ ਪ੍ਰਵਾਨ ਕਰਦੀ ਹੈ ਜਾਂ ਜਾਤੀ ਤੋਂ। ਜਿਸਦਾ ਮਨੁੱਖ ਦੀ ਅਕਲ ਅਤੇ ਮਨੋਬਿਰਤੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਲੱਖਾਂ ਸਿੱਖ ਆਪਣੀਆਂ ਸ਼ਕਲਾਂ ਤੋਂ ਪਛਾਣ ਕਰਦੇ ਹਨ, ਅਕਲ ਮੱਤ, ਬੁੱਧੀ, ਸੁਮੱਤ, ਬਿਰਤੀ, ਮਨ, ਕੀ ਹਨ, ਕਿਹੋ ਜਿਹੇ ਹਨ, ਇਹ ਸਵਾਲ ਵਿਚਾਰਨ ਵਾਲਿਆਂ ਦੀ ਗਿਣਤੀ ਤਾਂ ਸਿੱਖਾਂ ਦੇ ਰਾਜ ਦੇ 1710-12 ਤੋਂ 1848 ਤੱਕ ਹੀ ਘਟਦੀ ਗਈ ਤੇ ਫਿਰ ਉਹ ਦੌਰ ਆ ਗਿਆ ਜਦੋਂ ਹਿੰਦੂ-ਬ੍ਰਾਹਮਣ ਵਰਗ ਦੀ ਹੀ ਕਬਜ਼ਾ ਹੋ ਗਿਆ ਤੇ ਜਾਤ ਪਾਤ, ਊਚ ਨੀਚ, ਧਰਮ ਅੰਦਰ ਮੋੜ ਲਿਆਂਦੀ ਤੇ ਫਿਰ ਇਸਦੀ ਵਾਗਡੋਰ ਜੱਟਾਂ ਨੂੰ ਫੜਾ ਦਿੱਤੀ ਗਈ, ਜਿਹਨਾਂ ਨੇ ਬਿਲਕੁਲ ਉਹੀ ਕੀਤਾ ਜੋ ਗੁਰੂ ਗ੍ਰੰਥ ਸਾਹਿਬ ਤੋਂ ਉਲਟ ਪ੍ਰੰਤੂ ਬ੍ਰਾਹਮਣ ਦੇ ਜਾਤੀ ਧਰਮ ਦੇ ਅਨੁਕੂਲ ਸੀ। ਜਿਹੜਾ ਜੱਟ ਜਾਟ ਮਨੁੱਖ ਖੁਦ ਸ਼ੂਦਰ ਸੀ ਜੋ ਜਾਤੀ ਅਪਮਾਨ ਦੋ ਧਰਮਾਂ ਵਿਚ ਗਿਆ ਇਕ ਸਿੱਖ ਬਣਿਆ ਅਤੇ ਦੂਜਾ ਮੁਸਲਮਾਨ ਅਤੇ ਇਸਦੀ ਤੀਜੀ ਧਿਰ ਹਿੰਦੂ ਬਣੀ ਰਹੀ। ਜੋ ਸਿੱਖ ਬਣੇ ਉਹ ਜਾਤੀ ਤੋਂ ਮੁਕਤ ਨਹੀਂ ਹੋਏ। ਹਿੰਦੂ ਦਾ ਤਾਂ ਅਰਥ ਹੀ ਜਾਤ ਪ੍ਰਸਤੀ ਹੋਣਾ ਹੈ, ਜਿਸਦੀ ਕੋਈ ਜਾਤ ਨਹੀਂ, ਉਹ ਹਿੰਦੂ ਨਹੀਂ ਹੋ ਸਕਦਾ।

ਪੰਜਾਬ ਦਾ ਜੱਟ, ਜੋ ਮੂਲ ਰੂਪ ਵਿਚ ਬਾਕੀ ਅਛੂਤਾਂ, ਸਛੂਤਾਂ ਵਾਂਗ ਹੀ ਬੁੱਧਾ ਤੋਂ ਹਿੰਦੂ ਬਣਾ ਲਿਆ ਗਿਆ ਸੀ, ਉਹ ਵੀ ਅਛੂਤਾਂ ਸਛੂਤਾਂ ਵਾਂਗ ਸਿੱਖ ਬਣਿਆ ਪ੍ਰੰਤੂ ਨੱਬੇ ਫੀਸਦੀ ਉਹ ਜਾਤੀ ਊਚ ਨੀਚ ਤੋਂ ਮੁਕਤ ਨਹੀਂ ਹੋਇਆ। ਸਿੱਖੀ ਖੇਤਰ ਵਿਚ, ਧਰਮ ਦੀ ਵਾਗਡੋਰ ਉਸਦੇ ਹੱਥ ਆਈ ਤੇ ਉਸਨੇ ਪਿੰਡ, ਜ਼ਮੀਨ ਅਤੇ ਧਰਮ ਵਿਚ ਆਪਣੀ ਜਾਤ ਨੂੰ ਪੂਰਾ ਕਾਇਮ ਰੱਖਿਆ। ਇਸ ਕਰਕੇ ਹੋਰ ਨੀਵੀਆਂ ਜਾਤੀਆਂ ਦੇ ਸਿੱਖ ਵੀ ਜਾਤੀ ਦਲਦਲ ਵਿਚ ਫਸੇ ਰਹੇ। ਯਾਨਿ 99 ਫੀਸਦੀ ਸਿੱਖ ਜਗਤ ਊਚ ਨੀਚ ਤੇ ਛੂਤ-ਛਾਤ ਕਰਨ ਵਾਲਾ ਬਣਿਆ ਰਿਹਾ। ਨੀਚ-ਸਿੱਖਾਂ ਨੂੰ ਗੁਰੂ ਨਾਨਕ ਦੇ, ਬਚਨ ਅਤੇ ਧਰਮ ਤੋਂ ਉਲਟ ਇਹ ਅਹਿਸਾਸ ਕਰਵਾ ਦਿੱਤਾ ਜਾਂਦਾ ਰਿਹਾ ਕਿ ਉਹ ਤਾਂ ਨੀਵੇਂ ਹਨ, ਨੀਚ ਹਨ ਤੇ ਅਤਿ ਨੀਚ ਹਨ।

ਜੱਟ ਸਿੱਖ ਇਹ ਵੀ ਭੁੱਲ ਗਏ ਕਿ ਉਹ ਨਾ ਵੈਸ਼ ਹਨ, ਨਾ ਖੱਤਰੀ ਤੇ ਨਾ ਬ੍ਰਾਹਮਣ। ਮੰਨੂੰ ਸਿਮਰਤੀ ਹੀ ਉਹਨਾਂ ਦਾ ਸ਼ੂਦਰ ਵੰਸ਼ ਸਪਸ਼ਟ ਕਰ ਦਿੰਦੀ ਹੈ। ਗੁਰੂ ਗੋਬਿੰਦ ਸਿੰਘ ਦੇ ਬਚਨਾਂ ਵਿਚ ਵੀ ਉਹ ਨੀਵੇਂ ਦਰਜੇ ਦਾ 'ਜੱਟ-ਬੂਟ' ਦਰਜ ਹੋਇਆ।

ਮੈਂ ਇਸ ਤੱਥ ਵਿਚ ਹੋਰ ਵਾਧਾ ਕਰੂੰਗਾ ਕਿ ਜੱਟਾਂ ਤੇ ਜਾਟਾਂ ਪਾਸ ਕੋਈ ਜਮੀਨ ਨਹੀਂ ਸੀ, ਉਹ ਬ੍ਰਾਹਮਣ, ਠਾਕੁਰ ਅਤੇ ਵੈਸ਼ ਜਾਂ ਨਵਾਬਾਂ ਜ਼ਿਮੀਦਾਰਾਂ ਦੀ ਜਮੀਨ ਤੇ ਮਰੂਸ, ਗੈਰ ਮਰੂਸ ਤੇ ਮੁਜ਼ਾਰੇ ਸਨ, ਜਿਸਦਾ ਅਰਥ ਹੈ ਕੱਚੇ ਪੱਕੇ ਸੀਰੀ ਕਾਮਾ ਸਨ। ਹਲ ਵਾਹਕ ਕਰਿੰਦੇ। ਜਿਹਨਾਂ ਨੂੰ ਵੀਹਵੀਂ ਸਦੀ ਦੇ ਮੁਜ਼ਾਰਾ ਐਕਟ ਨੇ ਜ਼ਮੀਨੀ ਹੱਕ ਪ੍ਰਦਾਨ ਕੀਤਾ ਤੇ ਉਹ ਹਲਵਾਹਕ ਕਰਿੰਦੇ ਤੋਂ ਮਾਲਕ ਬਣ ਗਿਆ। ਇਸ ਸੱਚ ਨੂੰ ਕੋਈ ਰੱਦ ਨਹੀਂ ਕਰ ਸਕਦਾ। ਪਰ ਮੇਰਾ ਕਹਿਣ ਤੋਂ ਭਾਵ ਇਸ ਜਾਤੀ ਦਾ ਕੋਈ ਅਪਮਾਨ ਕਰਨਾ ਨਹੀਂ ਹੈ। ਮੇਰਾ ਭਾਵ ਹੈ ਕਿ ਉਹ ਜਾਤੀਆਂ ਜੋ ਅਛੂਤ ਸਨ- ਸਛੂਤ ਸਨ, ਰਿੰਦੀਆਂ ਤੇ ਵਗਾਰੀ ਸਨ, ਜਿਹਨਾਂ ਬਰਾਬਰ ਖੜ੍ਹਨ ਬੈਠਣ ਦਾ ਵੀ ਅਧਿਕਾਰ ਨਹੀਂ ਸੀ, ਜੋ ਬ੍ਰਾਹਮਣੀ ਪ੍ਰਥਾ ਵਿਚ ਸ਼ੂਦਰ ਅਤ ਸ਼ੂਦਰ ਸਨ, ਉਹਨਾਂ ਨੂੰ 1699 ਦੀ ਵਿਸਾਖੀ ਤੇ ਗੁਰੂ ਜੀ ਨੇ ਇਕ ਸਿੱਖ ਅਤੇ ਸਿੰਘ ਦੀ ਪਛਾਣ ਦਿੱਤੀ। ਜਿਸਦਾ ਮਨੋਰਥ ਸੰਤ ਨਾਮਦੇਵ, ਸੰਤ ਕਬੀਰ ਅਤੇ ਗੁਰੂ ਨਾਨਕ ਆਦਿ ਦੇ ਸ਼ਬਦਾਂ ਵਿਚ ਮਿਥਿਆ ਗਿਆ ਜੋ ਵਰਨ ਜਾਤ ਤੇ ਊਚ ਨੀਚ ਦੇ ਗੈਰ ਕੁਦਰਤੀ, ਗੈਰ ਕਰਤਾਰੀ, ਗੈਰ ਨਿਰੰਕਾਰੀ ਤੇ ਗੈਰ ਮਨੁੱਖੀ ਬ੍ਰਾਹਮਣੀ ਸਭਿਆਚਾਰ ਨੂੰ ਖਤਮ ਕਰਨ ਵਾਲਾ, ਬਰਾਬਰੀ, ਆਜ਼ਾਦੀ ਅਤੇ ਸਵੈਮਾਣ ਉਸਾਰਨ ਵਾਲਾ ਸੀ। ਪ੍ਰੰਤੂ ਸਿੱਖ ਲੰਬਾ ਸਮਾਂ ਇਸ ਮਹਾਨ ਕ੍ਰਾਂਤੀ ਦੀ ਸੁਰੱਖਿਆ ਨਾ ਕਰ ਸਕੇ। ਉਹਨਾਂ ਗੁਰੂ ਗ੍ਰੰਥ ਦੀ ਰਾਖੀ ਤਾਂ ਕੀਤੀ। ਪ੍ਰੰਤੂ ਗੁਰੂ ਦੀ ਕ੍ਰਾਂਤੀ ਦੇ ਉਦੇਸ਼ ਦੀ ਰਾਖੀ ਕਰਨ ਵਿਚ ਉਹ ਖੁਦ ਜਾਤ ਪ੍ਰਸਤੀ ਹੋ ਜਾਣ ਕਾਰਨ, ਨਹੀਂ ਕਰ ਸਕੇ। ਬਿਨਾਂ ਸ਼ੱਕ ਕ੍ਰਾਂਤੀਕਾਰੀ ਤੇ ਮਾਨਵਵਾਦੀ ਸਿੱਖਾਂ/ਸਿੰਘਾਂ ਤੋਂ ਸਿੱਖ ਜਗਤ ਖਾਲੀ ਕਦੀ ਨਹੀਂ ਰਿਹਾ ਪ੍ਰੰਤੂ ਸਿੱਖਾਂ ਦੀ 99 ਫੀਸਦੀ ਆਬਾਦੀ ਪੂਰੀ ਤਰ੍ਹਾਂ ਜਾਤਪ੍ਰਸਤ ਹੈ ਤੇ ਜੱਟ ਸਿੱਖਾਂ ਨੇ ਸਮਾਜੀ, ਜ਼ਮੀਨੀ, ਧਾਰਮਿਕ ਅਤੇ ਰਾਜਨੀਤਿਕ ਤਾਕਤ ਹੱਥ ਲੱਗਣ ਉਪਰੰਤ ਇਸ ਵਿਚ ਕੋਈ ਸਹੀ ਬਦਲਾਅ ਲਿਆਉਣ ਦੀ ਥਾਂ ਜਾਤ ਨੂੰ ਨਾਂ ਨਾਲ ਚਿਪਕਾ ਲਿਆ ਤੇ ਪੂਛ ਵਾਂਗ ਹਵਾ ਵਿਚ ਲਹਿਰਾਇਆ।

1925 ਵਿਚ ਉਦੋਂ ਹੀ ਸ਼੍ਰੋਮਣੀ ਕਮੇਟੀ ਬਣੀ, ਜਦੋਂ ਬ੍ਰਾਹਮਣ ਵਰਗ ਨੇ 1922 ਵਿਚ ਹਿੰਦੂ ਮਹਾਂ ਸਭਾ ਬਣਾਈ, ਜਿਸਦੀ ਪਿੱਠ ਭੂਮੀ ਵਿਚ ਅੰਬੇਡਕਰ ਵਰਗੇ ਸੰਸਾਰ ਪ੍ਰਸਿੱਧ ਵਿਦਵਾਨ ਦਾ ਖੌਫ ਅਤੇ ਦੇਸ਼ ਦੀ ਆਜ਼ਾਦੀ ਕਿਸੇ ਹੋਰ ਹੱਥ ਚਲੇ ਜਾਣ ਦਾ ਭੈਅ ਖੜ੍ਹਾ ਸੀ। ਅੰਬੇਡਕਰ ਬੁਨਿਆਦੀ ਰੂਪ ਵਿਚ ਹੀ ਦੇਸ਼ ਦੇ 1942 ਦੀ ਮਰਦਮਸ਼ੁਮਾਰੀ ਅਨੁਸਾਰ ਖਾਸ ਕਰਕੇ 52+23=75 ਫੀਸਦੀ ਦਲਿਤ ਪੱਛੜਿਆਂ ਭਾਵ ਨੀਵੇਂ ਸਛੂਤਾਂ ਅਤੇ ਅਛੂਤਾਂ ਦਾ ਆਗੂ ਸੀ ਜੋ ਅੰਗਰੇਜ਼ੀ ਸ਼ਾਸਨ ਵਿਚ ਪੱਛੜੀ ਜਾਤੀ ਦੇ ਦੋ ਮਹਾਰਾਜਿਆਂ ਸਈਆ ਜੀ ਅਤੇ ਸ਼ਾਹੂ ਛਤਰਪਤੀ ਦੀ ਮਿਹਨਤ ਦਾ ਨਤੀਜਾ ਸੀ, ਭਾਵ ਜੋ ਵਿਅਕਤੀ ਆਪਣੇ ਸਮੇਂ ਵਿਚ ਸੰਸਾਰ ਦਾ ਸਭ ਤੋਂ ਵੱਧ ਪੜ੍ਹਿਆ ਅਤੇ ਬੁੱਧੀਮਾਨਾਂ ਵਿਚੋਂ ਇਕ ਖਾਸ ਸੀ, ਜਿਸਨੂੰ ਸ਼ਾਹੂ ਛਤਰਪਤੀ ਨੇ 1922 ਵਿਚ ਬੰਬਈ ਵਿਖੇ ਆਪਣੀ ਆਖਰੀ ਜਨਤਕ ਕਾਨਫਰੰਸ ਵਿਚ ਅਛੂਤਾਂ ਸਛੂਤਾਂ ਦਾ ਨੇਤਾ ਘੋਸ਼ਿਤ ਕੀਤਾ ਸੀ। ਉਸ ਭੈਅ ਵਿਚ ਬ੍ਰਾਹਮਣ ਵਰਗ ਨੇ 1922 ਵਿਚ ਹੋਰ ਮੁੱਦਿਆਂ ਨੂੰ ਜੋੜ ਕੇ ਹਿੰਦੂ ਮਹਾਂਸਭਾ ਬਣਾਈ ਤਾਂ ਕਿ ਪੱਛੜੇ ਹਿੰਦੂਆਂ ਨੂੰ ਅੰਬੇਡਕਰ ਨਾਲ ਜੁੜਨ ਤੋਂ ਰੋਕ ਕੇ, ਹਿੰਦੂ ਸੰਗਠਨ ਵਿਚ ਰੱਖਿਆ ਜਾਵੇ। 1925 ਵਿਚ ਬ੍ਰਾਹਮਣ ਵਰਗ ਨੇ (ਪੂਨਾ ਅਤੇ ਬੰਗਾਲ ਦਾ ਬ੍ਰਾਹਮਣ) ਆਰ. ਐਸ. ਐਸ. ਬਣਾਈ ਜੋ ਬੁੱਧੀਮਾਨ ਬ੍ਰਾਹਮਣਾਂ ਦਾ ਗੁਪਤ ਸੰਗਠਨ ਸੀ, ਜਿਸਦਾ ਹਿਟਲਰ ਵਿਚ ਭਰੋਸਾ ਸੀ। ਉਸੇ ਸਮੇਂ ਬ੍ਰਾਹਮਣਾਂ ਨੇ ਆਪਣੀ ਕਮਾਨ ਹੇਠ ਕਮਿਊਨਿਸਟ ਪਾਰਟੀ ਬਣਾਈ ਤਾਂ ਕਿ ਰੂਸ ਦੇ ਇਨਕਲਾਬ ਤੋਂ ਬਾਅਦ ਭਾਰਤ ਅੰਦਰ ਇਨਕਲਾਬ ਸੰਭਵ ਸੀ। ਜੋ ਦੇਸ਼ ਦੀ ਮੂਲਵਾਸੀ ਦਲਿਤ ਪੱਛੜੀ ਦੱਬੀ ਕੁਚਲੀ ਸ਼ੂਦਰ ਆਬਾਦੀ ਵੱਲੋਂ ਕੀਤਾ ਜਾ ਸਕਦਾ ਸੀ, ਜਿਹਨਾਂ ਨੂੰ ਅੰਬੇਡਕਰ ਵਰਗਾ ਮਹਾਨ ਬੁੱਧੀਮਾਨ ਵਿਅਕਤੀ ਮਿਲ ਚੁੱਕਾ ਸੀ। ਤੇ ਬਿਲਕੁਲ ਉਸੇ ਸਮੇਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਹੋਈ ਤਾਂ ਕਿ ਦੇਸ਼ ਦੀ ਸੂਰਬੀਰ ਸਿੱਖ ਕੌਮ, ਜਿਸਦਾ ਆਧਾਰ ਕ੍ਰਾਂਤੀਕਾਰੀ ਵਿਚਾਰਧਾਰਾ ਸੀ, ਨੂੰ ਇਕ ਵਿਸ਼ੇਸ਼ ਵਰਗ ਰਾਹੀਂ ਇਸਤੇਮਾਲ ਕੀਤਾ ਜਾ ਸਕੇ। ਕਿਉਂਕਿ ਮੁਸਲਮਾਨ ਆਬਾਦੀ ਹਿੰਦੂ ਵਰਗ ਨਾਲ ਸੱਭਿਆਚਾਰਕ ਤੌਰ ਤੇ ਜ਼ਰਾ ਵੀ ਮੇਲ ਖਾਣ ਵਾਲੀ ਨਹੀਂ ਸੀ। ਇਹ ਦੋ ਅਲੱਗ ਸਭਿਆਚਾਰ ਸਨ। ਸਿੱਖ ਕਿਉਂਕਿ ਦਿੱਲੀ ਤੋਂ ਪਾਕਿਸਤਾਨ ਦੇ ਇਲਾਕਿਆਂ ਤੱਕ ਫੈਲੇ ਹੋਏ ਸਨ, ਇਸ ਕਰਕੇ ਮੁਸਲਮਾਨਾਂ ਅਤੇ ਸਿੱਖਾਂ ਵਿਚਕਾਰ ਲਕੀਰ ਖਿੱਚ ਕੇ ਹਿੰਦੂ ਪ੍ਰਭੁਤਾ ਲਈ ਇਸਤੇਮਾਲ ਕਰਨ ਦੀ ਜ਼ਰੂਰਤ ਸੀ। ਜੋ ਹੋਇਆ। ਲਾਲਾ ਲਾਜਪਤ ਰਾਏ ਜੋ ਕਾਂਗਰਸ ਅਤੇ ਆਰੀਆ ਸਮਾਜ ਦਾ ਪ੍ਰਧਾਨ ਸੀ, ਨੇ ਪੰਜਾਬ ਕੇਸਰੀ ਰਾਹੀਂ ਲਿਖਿਆ ਕਿ ਹਿੰਦੂ ਤਾਂ ਬੁਜ਼ਦਿਲ ਹਨ, ਗਿੱਦੜ ਹਨ। ਸਿੱਖ ਯੋਧੇ ਹਨ, ਸੂਰਮੇ ਹਨ। ਬੱਸ ਇਹ ਕਹਿਣ ਲਿਖਣ ਦੀ ਦੇਰ ਸੀ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਜਾਨਾਂ ਹਾਜ਼ਰ ਕਰ ਦਿੱਤੀਆਂ। ਜਿਹਨਾਂ ਵਿਚ ਸਭ ਤੋਂ ਵਧੇਰੇ ਆਰੀਆ ਸਮਾਜੀ ਜੱਟ ਸਿੱਖ ਸਨ ਜਾਂ ਉਹ ਸਿੱਖ ਜਿਹਨਾਂ ਨੂੰ ਨਹਿਰੂ ਗਾਂਧੀ ਨਾਲ ਕਾਫੀ ਮੋਹ ਹੋ ਗਿਆ ਸੀ। ਜਿਹਨਾਂ ਨੂੰ ਮਰਜ਼ੀ ਦਾ ਖੇਤਰ ਅਤੇ ਆਜ਼ਾਦੀ ਦਾ ''ਚੂਪਾ'' ਵੀ ਫੜਾ ਦਿੱਤਾ ਗਿਆ ਸੀ।

1932 ਤੋਂ ਬਾਅਦ ਅੰਬੇਡਕਰ ਨੇ ਸੋਚਿਆ ਸਮਝਿਆ ਕਿ ਸਿੱਖ ਧਰਮ ਮੂਲ ਰੂਪ ਵਿਚ ਬ੍ਰਾਹਮਣੀ ਵਿਵਸਥਾ ਨੂੰ ਢੇਰੀ ਕਰਨ ਵਾਲਾ ਅਕੀਦਾ ਹੈ। ਉਹਨਾਂ ਨੇ ਆਰੀਆ ਸਮਾਜੀਆਂ ਨੂੰ ਸੰਬੋਧਨ ਕਰਕੇ ਲਿਖੀ ਪੁਸਤਕ ਵਿਚ ਲਿਖਿਆ ਹੈ ਕਿ ਦੱਬੇ ਕੁਚਲੇ ਤੇ ਅਪਮਾਨਿਤ ਲੋਕਾਂ ਨੂੰ ਬੁੱਧ ਅਤੇ ਗੁਰੂ ਨਾਨਕ ਵਾਂਗ ਬ੍ਰਾਹਮਣ ਦੀ ਵਿਚਾਰਧਾਰਾ ਨੂੰ ਉਡਾ ਦੇਣਾ ਚਾਹੀਦਾ ਹੈ। (ਜਾਤ ਪਾਤ ਦਾ ਬੀਜ ਨਾਸ਼ ਜਿਸਨੂੰ ਸ਼ਾਇਦ ਇਕ ਵੀ ਸਿੱਖ ਨੇ ਨਹੀਂ ਪੜ੍ਹਿਆ ਹੋਵੇਗਾ ਅੱਜ ਤੱਕ) ਅੰਬੇਡਕਰ ਨੇ ਕਿਹਾ ਕਿ ਅਗਰ ਅਛੂਤਾਂ ਨੇ ਧਰਮ ਅਪਣਾਉਣਾ ਭਾਵ ਬਦਲਣਾ ਹੈ ਤਾਂ ਸਿੱਖ ਧਰਮ ਉਹਨਾਂ ਲਈ ਉੱਤਮ ਧਰਮ ਹੈ। ਇਸ ਦਾ ਅਰਥ ਹੈ ਕਿ ਉਹਨਾਂ ਨੇ ਸਿੱਖ ਧਰਮ ਅਪਣਾਉਣ ਦਾ ਮਨ ਬਣਾ ਲਿਆ ਸੀ। ਪ੍ਰੰਤੂ ਕਿਉਂ? ਸਿੱਖ ਧਰਮ ਕਿਉਂ? ਇਸਲਾਮ ਜਾਂ ਇਸਾਈ ਧਰਮ ਕਿਉਂ ਨਹੀਂ?

ਅੰਬੇਡਕਰ ਦੀ ਦੂਰਦਰਸ਼ਤਾ ਨੂੰ ਮੁੱਠੀ ਭਰ ਸਿੱਖਾਂ ਨੇ ਜ਼ਰੂਰ ਸਮਝਿਆ ਹੋਵੇਗਾ, ਜਿਹਨਾਂ ਨੇ ਸਾਥ ਦੇਣਾ ਸ਼ੁਰੂ ਕੀਤਾ। ਮੇਰੀ ਸਮਝ ਅਨੁਸਾਰ ਸਭ ਤੋਂ ਵੱਧ ਜਾਣਕਾਰੀ ਗਾਂਧੀ, ਨਹਿਰੂ ਤੇ ਉਸਦੀ ਜਮਾਤ ਨੂੰ ਸੀ। ਜਾਂ ਉਸ ਜਮਾਤ ਦੇ ਪਾਛੂ ਜਾਤੀਵਾਦੀ ਸਿੱਖਾਂ ਨੂੰ। ਅੰਬੇਡਕਰ ਨੂੰ ਤਾਂ ਉਸਨੂੰ ਮੰਨਣ ਵਾਲੇ ਵਿਦਵਾਨ ਅਤੇ ਪੈਰੋਕਾਰ ਵੀ ਸ਼ਾਇਦ ਨਹੀਂ ਸਮਝ ਸਕੇ। ਮੈਂ ਸਮਝਾਉਣ ਲਈ ਤੀਹ ਸਾਲ ਲਾ ਦਿੱਤੇ, ਪ੍ਰੰਤੂ ਮੇਰੀ ਗੱਲ ਨੂੰ ਕਦੀ ਪ੍ਰਵਾਨ ਨਹੀਂ ਕੀਤਾ। ਬਹੁਤ ਵਿਦਵਾਨ ਤਾਂ ਸਿੱਖ ਧਰਮ ਅਤੇ ਅੰਬੇਡਕਰ ਸਿੱਖ ਧਰਮ ਨੂੰ ਅਪਣਾਉਣ ਦੀ ਗੱਲ ਨੂੰ ਪੂਰੀ ਤਰ੍ਹਾਂ ਨਕਾਰਦੇ ਰਹੇ। ਇਹ ਉਸੇ ਤਰ੍ਹਾਂ ਦੀ ਧਾਰਨਾ ਹੈ, ਜਿਵੇਂ ਸਿੱਖ ਅੰਬੇਡਕਰ ਨੂੰ ਨਕਾਰਦੇ ਹਨ ਤੇ ਦਲਿਤ ਲੋਕ ਅੰਬੇਡਕਰ ਦੇ ਸਿੱਖ ਬਣਨ ਨੂੰ, ਇਹ ਸਭ ਲਿਖਤੀ ਹੈ। ਪਰ ਮੈਂ ਜਿਸ ਹੱਦ ਤੱਕ ਸਿੱਖ ਧਰਮ ਨੂੰ ਸਮਝਿਆ, ਜਿਸ ਹੱਦ ਤੱਕ ਬਾਬਾ ਸਾਹਿਬ ਨੂੰ ਸਮਝਿਆ ਹੈ, ਉਸ ਅਨੁਸਾਰ ਮੈਂ ਸਿੱਖ ਧਰਮ ਵਿਚ ਜਾਣ ਦੇ ਸੁਪਨੇ ਨੂੰ ਭਾਰਤ ਦੇ ਇਕ ਮਹਾਨ ਇਨਕਲਾਬ ਵਜੋਂ ਪਛਾਣਦਾ ਹਾਂ, ਜਿਸਨੂੰ ਜਾਤੀਵਾਦੀ ਸਿੱਖਾਂ ਨੇ ਉਲਟਾ ਮਾਰਿਆ। ਮੈਂ ਇਹ ਕਹਿਣ ਤੋਂ ਕੋਈ ਝਿਜਕ ਨਹੀਂ ਕਰੂੰਗਾ ਕਿ ਸਿੱਖਾਂ ਨੇ 1935 ਅਤੇ 46-47 ਤੋਂ ਬਾਅਦ ਜੋ ਸੰਤਾਪ ਝੱਲਿਆ ਹੈ, ਇਸ ਲਈ ਉਹ 100 ਫੀਸਦੀ ਖੁਦ ਜ਼ਿੰਮੇਵਾਰ ਹਨ। ਜਿਸ ਜ਼ਿੰਮੇਵਾਰੀ ਵਿਚ ਪਹਿਲੀ ਗੱਲ ਸਿੱਖਾਂ ਦਾ ਜਾਤਪਾਤੀ ਹੋ ਕੇ ਮਨਮੱਤੀ ਜਾਂ ਹਿੰਦੂ ਮਾਨਸਿਕਤਾ ਵਾਲੇ ਬਣਨਾ ਹੈ, ਦੂਸਰਾ ਅੰਬੇਡਕਰ ਦੀ ਕ੍ਰਾਂਤੀ ਨੂੰ ਸੋਚ ਸਮਝ ਕੇ ਨਕਾਰਨਾ।

ਮੈਂ ਇਸ ਨੂੰ ਸਿੱਖ ਸਮਾਜ ਦੀ ਬਦਨਸੀਬੀ ਤੋਂ ਵੱਧ ਕੁਝ ਨਹੀਂ ਮੰਨਦਾ। ਇਕ ਅਜਿਹੀ ਬਦਨਸੀਬੀ ਜਿਸ ਕਾਰਨ ਦੁਸ਼ਮਣ ਜਮਾਤ ਨੇ ਸਦਾ ਵਾਂਗ ਸਿੱਖਾਂ ਦੇ ਆਹੂ ਲਾਹੇ। ਮੈਂ ਦਿੱਲੀ ਅਤੇ ਲਾਹੌਰ ਵਿਖੇ 'ਸ਼ਹੀਦ ਗੰਜ' ਪੜ੍ਹੇ ਵੀ ਸਨ, ਸਬਦ ਵੀ ਸਨ। ਜਿਹਨਾਂ ਦਾ ਇਤਿਹਾਸ ਹੈ ਕਿ ਜਿੱਥੇ ਹਾਕਮਾਂ ਨੇ ਸਿੱਖਾਂ ਦੇ ਸੀਸ ਲਾਹ ਕੇ ਸਿਰਾਂ ਦੇ ਢੇਰ ਖੜ੍ਹੇ ਕੀਤੇ, ਉਹਨਾਂ ਦਾ ਨਾਂ ਪਿਆ ਇਹ। ਸਿੱਖਾਂ ਨੇ 1935 ਤੋਂ ਬਾਅਦ ਹਿੰਦੂ ਜਮਾਤ ਦੀ ਕਪਟੀ ਰਾਜਨੀਤੀ ਨੂੰ ਆਪਣੀ ਆਜ਼ਾਦੀ ਦਾ ਰਸਤਾ ਮੰਨ ਲਿਆ। ਦੂਸਰਾ ਇਹਨਾਂ ਨੇ ਅੰਬੇਡਕਰ ਨੂੰ ਸਿੱਖ ਬਣਨ ਤੋਂ ਰੋਕਿਆ, ਇਹ ਉਹਨਾਂ ਦੇ ਤੇ ਭਵਿੱਖ ਵਿਚ ਪੈਣ ਵਾਲੇ ਸੰਤਾਪ ਦੀ ਨੀਂਹ ਸੀ। ਜਿਸਨੂੰ ਅੱਜ ਤੱਕ ਸਿੱਖ ਸਮਾਜ ਨੇ ਪ੍ਰਵਾਨ ਨਹੀਂ ਕੀਤਾ। ਅੰਬੇਡਕਰ ਸਿੱਖ ਕਿਉਂ ਬਣਨਾ ਚਾਹੁੰਦੇ ਸਨ, ਮੇਰੀ ਸਮਝ ਅਨੁਸਾਰ ਇਸਦੀ ਆਧਾਰ ਭੂਮੀ ਵਿਚ ਇਹ ਮਨਸ਼ੇ ਸਨ।

ਸਿੱਖ ਧਰਮ ਪਾਠ ਪੂਜਾ ਦਾ ਈਸ਼ਵਰੀ ਧਰਮ ਨਹੀਂ ਹੈ। ਇਹ ਕਿਸੇ ਵੀ ਤਰ੍ਹਾਂ ਦੇ ਅੰਧ ਵਿਸ਼ਵਾਸ਼ ਤੋਂ ਮੁਕਤ ਬ੍ਰਹਿਮੰਡੀ ਭਾਵ ਨਿਰੰਕਾਰੀ ਵਿਗਿਆਨ ਦਾ ਸੱਚ ਹੈ। ਜੋ ਮਨੁੱਖਾਂ ਨੂੰ ਇਕ ਸਮਾਨ ਪੈਦਾਵਾਰ ਹੋਣ ਦੀ ਪੱਕੀ ਜਾਮਨੀ ਭਰਦਾ ਹੈ ਅਤੇ ਉਹ ਵਿਗਿਆਨ ਦੀ ਅਟੱਲ ਧਾਰਨਾ ਨੂੰ ਹਰ ਪਲ ਸਾਹਮਣੇ ਰੱਖਦਾ ਹੈ। ਇਹ ਮਰਨ ਉਪਰੰਤ ਕਿਸੇ ਈਸ਼ਵਰੀ ਸ਼ਕਤੀ ਮੁਕਤੀ ਗਤੀ, ਨਰਕ ਸੁਰਗ ਅਤੇ ਪੁਨਰ ਜਨਮ ਨੂੰ ਪੂਰੀ ਤਰ੍ਹਾਂ ਆਤਮਾ ਪ੍ਰਮਾਤਮਾ ਰੱਦ ਕਰਦਾ ਹੈ। ਇਹ ਵਰਨ ਜਾਤ, ਰੰਗ ਨਸਲ ਤੇ ਲਿੰਗ ਦੇ ਕਿਸੇ ਭੇਦ ਨੂੰ ਪ੍ਰਵਾਨ ਨਹੀਂ ਕਰਦਾ। ਰੰਗ ਨਾ ਰੂਪ ਨਾ ਰੇਖ ਭੇਖ ਨੂੰ ਮੰਨਦਾ ਹੈ। ਇਹ ਬ੍ਰਾਹਮਣੀ ਵਿਵਸਥਾ ਦੇ ਕਿਸੇ ਵੀ ਸਿਧਾਂਤ ਨੂੰ ਰੱਦ ਕਰਦਾ ਹੈ ਅਤੇ ਜਿਉਂਦਿਆਂ ਹੀ ਆਪਣੀ ਖੁਦ ਦੀ ਸਮਰੱਥਾ, ਗਿਆਨ, ਬੁੱਧੀਮਤਾ ਅਤੇ ਨੇਕੀ ਦੇ ਅਮਲ ਨਾਲ ਨਿਰਵਾਣ ਪਦ ਨੂੰ ਪ੍ਰਵਾਨ ਕਰਦਾ ਹੈ ਅਤੇ ਜਨਮ ਅਤੇ ਮੌਤ ਨੂੰ ਬ੍ਰਹਿਮੰਡੀ ਤੱਤਾਂ ਦਾ ਸੰਯੋਗ ਅਤੇ ਵਿਯੋਗ ਮੰਨਦਾ ਹੈ। ਮਨੁੱਖੀ ਪ੍ਰੇਮ, ਭਾਈਚਾਰਾ ਅਤੇ ਮਨੁੱਖੀ ਬਰਾਬਰੀ ਇਸਦੇ ਉਦੇਸ਼ ਹਨ। ਇਸਦਾ ਕਰਤਾਰ-ਕਰਤਾਰ, ਨਿਰੰਕਾਰ, ਨਿਰੰਜਨ ਜੋ ਪਾਰਬ੍ਰਹਮ ਹੈ, ਮਨੁੱਖ ਦੇ ਸਰੀਰ ਵਿਚ ਵਿਦਮਾਨ ਹੈ। ਇਹ ਗੱਲ ਅੰਬੇਡਕਰ ਬਹੁਤ ਚੰਗੀ ਤਰ੍ਹਾਂ ਸਮਝ ਚੁੱਕੇ ਸਨ।

ਦੂਸਰੀਆਂ ਬਹੁਤ ਮਹੱਤਵਪੂਰਨ ਸੰਭਾਵਨਾ ਇਹ ਸਨ ਕਿ ਭਾਰਤ ਦੇ ਕਰੋੜਾਂ ਲੋਕ ਸਿੱਖ ਬਣ ਕੇ ਉੱਤਮ ਵਿਚਾਰਧਾਰਾ ਨਾਲ ਹੀ ਲੈਸ ਨਹੀਂ ਹੋਣਗੇ, ਬ੍ਰਾਹਮਣੀ ਜਕੜ ਵਿਚੋਂ ਨਿਕਲ ਜਾਣਗੇ। ਤੇ ਇਹ ਲੋਕ ਪੂਰੇ ਭਾਰਤ ਅੰਦਰ ਫੈਲੇ ਹੋਣਗੇ, ਇਸ ਤੋਂ ਵੱਡੀ ਗੱਲ ਕਿ ਕਰੋੜਾਂ ਸਿੱਖ ਜੋ ਸ਼ਕਲ ਤੋਂ ਨਿਰਲੇਪ ਹੋਣਗੇ ਉਹ ਇੱਕਦਮ ਹਥਿਆਰਬੰਦ ਹੋਣਗੇ। ਹਜ਼ਾਰਾਂ ਸਾਲਾਂ ਬਾਅਦ ਉਹਨਾਂ ਨੂੰ ਹਥਿਆਰ ਸ਼ਕਤੀ ਮਿਲੇਗੀ ਤੇ ਧਾਰਮਿਕ ਅਧਿਕਾਰ ਅਧੀਨ ਮਿਲੇਗੀ, ਜਿਸਨੂੰ ਅੰਗਰੇਜ਼ ਦਾ ਕੋਈ ਕਾਨੂੰਨ ਨਹੀਂ ਰੋਕਦਾ। ਦੇਸ਼ ਵਿਚ ਇਹਨਾਂ ਦੇ ਵਿਰੋਧਾਂ ਵਿਚ ਕੇਵਲ ਮੁੱਠੀ ਭਰ ਬ੍ਰਾਹਮਣ ਤੇ ਖੱਤਰੀ ਰਾਜਪੂਤ ਹੀ ਹੋਣਗੇ। ਜਿਹਨਾਂ ਨਾਲ ਇਹ ਕਰੋੜਾਂ ਸਿੱਖ ਆਸਾਨੀ ਨਾਲ ਨਿਪਟ ਲੈਣਗੇ, ਜਿਹਨਾਂ ਨੇ ਕਰੀਬ ਡੇਢ ਸੌ ਸਾਲ ਤੱਕ ਵੱਡੇ ਯੁੱਧ ਲੜੇ ਹੀ ਨਹੀਂ, ਸਭ ਜਿੱਤੇ ਅਤੇ ਆਪਣੀ ਸ਼ਕਤੀ ਦਾ ਲੋਹਾ ਮਨਵਾਇਆ। ਇਹਨਾਂ ਦੀ ਇਸ ਤਰ੍ਹਾਂ ਦੀ ਧਾਰਮਿਕ ਅਤੇ ਸਮਾਜਿਕ ਸ਼ਕਤੀ ਵੇਖ ਕੇ ਬਾਕੀ ਅਛੂਤ ਸਮਾਜ ਜੋ ਦੇਸ਼ ਦੀ ਅੱਧੀ ਆਬਾਦੀ ਸੀ, ਵਿਚੋਂ ਵੱਡੀ ਪੱਧਰ ਤੇ ਪ੍ਰਵਰਤਨ ਹੋਵੇਗਾ ਤੇ ਦੇਸ਼ ਸਿੱਖਾਂ ਦੀ ਜ਼ਮੀਨੀ ਸਲਤਨਤ ਵਿਚ ਵਟ ਜਾਵੇਗਾ। ਜੋ ਦੇਸ਼ ਦੀ ਆਜ਼ਾਦੀ ਨੂੰ ਵੀ ਆਸਾਨੀ ਨਾਲ ਆਪਣੇ ਹੱਥ ਵੱਸ ਕਰ ਲੈਣਗੇ। ਇਉਂ ਬ੍ਰਾਹਮਣੀ ਵਿਵਸਥਾ ਦਾ ਭਾਵ ਜਾਤਪਾਤ ਦਾ ਬੀਜ ਨਾਸ ਹੋਣਾ ਤਹਿ ਹੋਵੇਗਾ। ਤੇ ਇਹ ਸਾਰਾ ਸਮਾਜ ਕੇਵਲ ਗੁਰੂ ਗ੍ਰੰਥ ਅਤੇ ਇਕ ਨਿਰੰਕਾਰ ਦੀ ਤਾਬਿਆ ਆ ਜਾਵੇਗਾ। ਜਿਸਦਾ ਲਾਸਾਨੀ ਸਮਾਜਿਕ ਸਭਿਆਚਾਰ ਇਕ ਆਦਰਸ਼ ਬਣ ਖੜ੍ਹੇਗਾ।ਸਿੱਖ ਇਉਂ ਸੰਸਾਰ ਦੀ ਉਹੀ ਵੱਡੀ ਸ਼ਕਤੀ ਬਣ ਜਾਣਗੇ, ਜਿਹੜੀ 18ਵੀਂ ਸਦੀ ਵਿਚ ਸੀ ਜਾਂ ਜੋ 19ਵੀਂ ਸਦੀ ਵਿਚ ਵੀ ਸੰਸਾਰ ਨੇ ਵੇਖੀ। ਇਸ ਸੱਚ ਤੋਂ ਅੰਬੇਡਕਰ ਜਾਣੂੰ ਸਨ ਅਤੇ ਉਹ ਇਹੀ ਸੋਚ ਕੇ ਸਿੱਖ ਧਰਮ ਵੱਲ ਆ ਰਹੇ ਸਨ ਜਦੋਂ ਕਿ ਦੇਸ਼ ਆਜ਼ਾਦ ਨਹੀਂ ਸੀ। ਇਹ ਗੁਰੂ ਦੇ ਸੁਪਨਿਆਂ ਦਾ, ਬੇਗਮਪੁਰੇ ਦੀ ਸਥਾਪਨਾ ਦਾ ਸੰਕਲਪ ਸੀ, ਜਿਸਨੂੰ ਸਿੱਖਾਂ ਦੇ ਜਾਤਪ੍ਰਸਤੀ ਵਰਗ ਨੇ ਨਕਾਰਾ ਬਣਾ ਦਿੱਤਾ, ਜਿਸਦਾ ਸੰਤਾਪ ਉਹਨਾਂ ਨੇ ਹਰ ਦਹਾਕੇ ਵਿਚ ਭੁਗਤਿਆ ਹੈ। ਤੇ ਪੰਜਾਬ ਦੇ ਅੰਦਰ ਵੀ ਭੁਗਤ ਰਹੇ ਹਨ। ਜਿਸ ਸਮਾਜ ਨੂੰ ''ਹਾਏ ਪੰਜਾਬੀ-ਹੁਏ ਪੰਜਾਬੀ'' ਹੀ ਸੋਚਣਾ ਬੋਲਣਾ ਗਾਉਣਾ-ਸੁਣਨਾ ਚੰਗਾ ਲੱਗਦਾ ਹੋਵੇ, ਉਹ ਕਿਸੇ ਸ਼ਾਨਦਾਰ ਕੌਮ ਦੀ ਉਸਾਰੀ ਨਹੀਂ ਕਰ ਸਕਦਾ। ਤੇ ਨਾ ਸ਼ਾਨਦਾਰ ਸਮਾਜ ਦਾ ਨਿਰਮਾਣ ਕਰਦੇ ਹਨ। ਫਿਰ ਵੀ ਗੁਰੂ ਦੀਆਂ ਸਿਆਣਪਾਂ ਵੱਲ ਮੂੰਹ ਨਹੀਂ ਕਰਦੇ ਕਿ ਸਿੱਖ ਆਪਣੀ ਹੀ ਭੀੜ ਦੇ ਭਾਰ ਹੇਠ ਕੁਚਲੇ ਜਾਂਦੇ ਹਨ।ਮੈਂ ਇਹ ਸੈਂਕੜੇ ਵਾਰ ਲਿਖਿਆ ਹੈ ਕਿ ਬੁੱਧ ਬਚਨਾਂ ਦੀ ਪੂਰੀ ਤਬਾਹੀ ਕੀਤੇ ਜਾਣ ਤੋਂ ਕਰੀਬ ਹਜ਼ਾਰ ਬਾਰਾਂ ਸੌ ਸਾਲ ਬਾਅਦ ਭਾਰਤ ਵਿਚ ਹੀ ਨਹੀਂ, ਸੰਸਾਰ ਭਰ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹਾ ਮਹਾਨ ਗ੍ਰੰਥ ਤਿਆਰ ਕੀਤਾ ਜੋ ਸੰਸਾਰ ਪ੍ਰਾਣੀ ਦਾ ਪ੍ਰਤੀਨਿਧ ਦਰਸ਼ਨ ਸੀ। ਤੇ ਖਾਸ ਤੌਰ 'ਤੇ ਉਸ ਸਮੇਂ ਬ੍ਰਾਹਮਣਸ਼ਾਹੀ ਦੇ ਪਸਾਰ ਵਿਰੁੱਧ ਇਕੋ ਇਕ ਕ੍ਰਾਂਤੀਨੁਮਾ ਵਿਚਾਰਧਾਰਾ, ਜਿਸਨੂੰ ਨੀਚ ਤੋਂ ਨੀਚ ਅਛੂਤ ਪੜ੍ਹ ਸਕਿਆ, ਸੁਣ ਸਕਿਆ, ਗਾ ਸਕਿਆ, ਦੇਖ ਸਕਿਆ। ਜਿਸ ਨਾਲ ਬ੍ਰਾਹਮਣ ਦੀਆਂ ਲਾਈਆਂ ਸਾਰੀਆਂ ਬੰਦਿਸ਼ਾਂ ਚਕਨਾਚੂਰ

(ਬਾਕੀ ਸਫਾ 18 ਤੇ)

# ਗੁਰ ਗੱਦੀ ਦਿਵਸ

**ਗੁਰੂ ਪਿਆਰੀ ਸਾਧ ਸੰਗਤ ਜੀ**
ਕੁਝ ਸਪਤਾਹ ਪਹਿਲਾਂ ਸਾਰੇ ਵਿਸ਼ਵ ਵਿਚ ਗੁਰ-ਗੱਦੀ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਜਿਵੇਂ ਤੁਸੀਂ ਸਾਰੇ ਜਾਣਦੇ ਹੋ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ 20 ਅਕਤੂਬਰ 1708 ਨੂੰ ਤਿਲਕ ਦੇ ਕੇ ਗੁਰਗੱਦੀ ਤੇ ਬਿਰਾਜਮਾਨ ਕੀਤਾ ਅਤੇ ਗੁਰਸਿੱਖਾਂ ਨੂੰ ਫੁਰਮਾਇਆ

ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

## ਗੁਰਬਾਣੀ

ਜਗਤ ਗੁਰੂ, ਗੁਰੂ ਨਾਨਕ ਤੇ ਹੋਈ ਨਾਜ਼ਿਲ
ਮਾਤ ਲੋਕ ਅੰਦਰ ਧੁਰ ਕੀ ਆਈ ਬਾਣੀ।

ਬਿਆਬਾਨ ਜੰਗਲ ਪਰਬਤ ਝੂਮ ਉਠੇ
ਜਦੋਂ ਆਪ ਗੁਰੂ ਨਾਨਕ ਨੇ ਗਾਈ ਬਾਣੀ।।

ਦਿੱਤਾ ਬਾਣੀ ਨੇ ਸਭ ਨੂੰ ਉਪਦੇਸ਼ ਸਾਂਝਾ
ਸ਼ਬਦ ਬਾਣੀ ਦੇ ਸਾਰੇ ਤੌਹੀਦ ਹੋ ਗਏ।

ਬਿਰਾਜਮਾਨ ਹੋ ਕੇ ਗ੍ਰੰਥ ਸਾਹਿਬ ਅੰਦਰ
ਗੁਰੂ ਰੂਪ ਰਵਿਦਾਸ ਫਰੀਦ ਹੋ ਗਏ।।

ਪੜ੍ਹਕੇ ਬਾਣੀ ਨੂੰ ਜੇਕਰ ਵਿਚਾਰ ਕਰੀਏ
ਬਾਣੀ ਰਾਜ਼ ਇਲਾਹੀ ਪਈ ਖੋਹਲਦੀ ਏ

ਬੈਠੇ ਬਾਣੀ ਦੇ ਵਿਚ 'ਆਜ਼ਾਦ' ਬਾਬੇ
ਤਾਹੀਓਂ ਗੁਰੂਆਂ ਦੀ ਬਾਣੀ ਸੱਚ ਬੋਲਦੀ ਏ।।

ਗੁਰਬਾਣੀ ਹੈ ਗਿਆਨ ਦਾ ਸਾਗਰ
ਜੋ ਖੋਜੇ ਸੋ ਪਾਵੇ।

ਨਾਮ ਦੇ ਸੁੱਚੇ ਮੋਤੀ ਮਿਲਦੇ
ਜੇ ਕੋਈ ਚੁੱਭੀਆਂ ਲਾਵੇ।


ਬਾਣੀ ਸੱਚ ਦਾ ਮਾਰਗ ਦੱਸਦੀ
ਕਾਗੋਂ ਹੰਸ ਬਣਾਵੇ।

ਸ਼ਰਧਾ ਨਾਲ 'ਆਜ਼ਾਦ' ਜੋ ਪੜ੍ਹਦਾ
ਓਹਦਾ ਜਨਮ ਮਰਨ ਕਟ ਜਾਵੇ।।

### ਸਤਿਕਾਰ ਕਰੋ ਗੁਰਬਾਣੀ ਦਾ

ਇਹ ਧੁਰ ਕੀ ਬਾਣੀ ਆਈ ਏ
ਸਤਿਕਾਰ ਕਰੋ ਗੁਰਬਾਣੀ ਦਾ

ਇਹ ਨੇ ਸਗਲੀ ਚਿੰਤ ਮਿਟਾਈ ਏ
ਸਤਿਕਾਰ ਕਰੋ ਗੁਰਬਾਣੀ ਦਾ



ਆਜ਼ਾਦ ਜਾਲੰਧਰੀ
(ਯੂ. ਐਸ. ਏ.)
(408) 258-6532

ਸ਼ਰਧਾ ਨਾਲ ਪਾਠ ਜੋ ਕਰਦਾ ਏ
ਓਹ ਬੰਦਾ ਭਵਜਲ ਤਰਦਾ ਏ

ਲੱਖਾਂ ਨੇ ਮੁਕਤੀ ਪਾਈ ਏ
ਸਤਿਕਾਰ ਕਰੋ ਗੁਰਬਾਣੀ ਦਾ ......

ਇਹ ਦੁੱਖ ਦਰਦਾਂ ਦਾ ਨਾਸ਼ ਕਰੇ
ਸੁੱਖਾਂ ਦਾ ਘਰ ਵਿਚ ਵਾਸ ਕਰੇ

ਇਹਦਾ ਪਾਠ ਬੜਾ ਸੁਖਦਾਈ ਏ
ਸਤਿਕਾਰ ਕਰੋ ਗੁਰਬਾਣੀ ਦਾ......

ਇਹ ਹੈ ਅਮ੍ਰਿਤ ਕੌਸਰ ਜ਼ਮਜ਼ਮ ਦਾ
ਇਹ ਹੈ ਦਾਰੂ ਦੁਖ ਦੇ ਹਰ ਗ਼ਮ ਦਾ

ਗੁਰਬਾਣੀ ਹੁਕਮ ਖੁਦਾਈਏ
ਸਤਿਕਾਰ ਕਰੋ ਗੁਰਬਾਣੀ ਦਾ......

ਦੋਜ਼ਖ਼ ਵਿਚ ਸੜਦੀਆਂ ਰੂਹਾਂ ਦੀ
ਪਾਪਾਂ ਵਿਚ ਹੜ੍ਹਦੀਆਂ ਰੂਹਾਂ ਦੀ

ਬਾਣੀ ਨੇ ਪਿਆਸ ਬੁਝਾਈ ਏ
ਸਤਿਕਾਰ ਕਰੋ ਗੁਰਬਾਣੀ ਦਾ ......

ਇਹ ਗੁਰੂਆਂ ਆਪ ਉਚਾਰੀ ਏ
ਵਿਚ ਆਪਣੀ ਰੂਹ ਉਤਾਰੀ ਏ

ਇਹ ਅਕਾਲ ਪੁਰਖ ਦੀ ਜਾਈ ਏ
ਸਤਿਕਾਰ ਕਰੋ ਗੁਰਬਾਣੀ ਦਾ ......

ਇਹਨੂ ਗੋਬਿੰਦ ਤਿਲਕ ਲਗਾਇਆ ਸੀ
ਗੁਰਸਿੱਖਾਂ ਨੂੰ ਫੁਰਮਾਇਆ ਸੀ

ਇਹ ਨੂੰ ਸੌਂਪੀ ਅੱਜ ਗੁਰਿਆਈ ਏ
ਸਤਿਕਾਰ ਕਰੋ ਗੁਰਬਾਣੀ ਦਾ ......

'ਆਜਾਦ' ਇਲਾਹੀ ਰਾਜ਼ ਹੈ ਇਹ
ਮਹਾਂਪੁਰਸ਼ਾਂ ਦੀ ਆਵਾਜ਼ ਹੈ ਇਹ

ਇਹ ਗੁਰੂ ਨਾਨਕ ਨੇ ਗਾਈ ਏ
ਸਤਿਕਾਰ ਕਰੋ ਗੁਰਬਾਣੀ ਦਾ।।

# ਵੱਢ ਖਾਣੇ ਕੁੱਤੇ

ਵੱਢ ਖਾਣੇ ਕੁੱਤੇ
ਬਰੂਦ ਦੀ ਸੁਰੰਗ 'ਚੋਂ
ਕੱਢੀ ਅੱਗ ਨਾਲ
ਕਿਸੇ ਦੂਸਰੇ ਨੂੰ ਭੁੰਨ ਕੇ
ਭੰਗੜੇ ਪਾਉਣ ਵਾਲੇ
ਕਿਸੇ ਆਪਣੇ ਦੇ ਸੀਨੇ 'ਚ
ਦੂਰ ਤੋਂ ਆਈ ਗੋਲੀ
ਖੁੱਭੀ ਦੇਖ, ਚੀਖ ਉੱਠਦੇ ਹਨ।

ਕੋਈ ਇਕ ਜਾਂ ਦੂਸਰਾ
ਸ਼ਿਸ਼ਤ ਲੈ ਕੇ ਘੋੜੇ ਨੱਪੇ ਤਾਂ
ਕੁੱਤੇ ਨਹੀਂ ਮਰਦੇ
ਏਧਰ ਵੀ ਓਧਰ ਵੀ
ਬੰਦੇ ਮਰਦੇ ਹਨ ਜੋ
ਰੰਗ ਨਸਲ ਜਾਤ ਤੇ ਧਰਮ ਦੀ
ਐਨਕ ਵਿਚ
ਸ਼ਹੀਦ ਵੀ ਹੁੰਦੇ ਹਨ,
ਅੱਤਵਾਦੀ, ਨਕਸਲੀ, ਦੇਸ਼ਧ੍ਰੋਹੀ ਤੇ ਦੁਸ਼ਮਣ ਵੀ।

ਸਰਹੱਦਾਂ ਦੇ ਆਰ ਪਾਰ ਤੋਂ
ਨਿਕਲੀਆਂ ਚੀਕਾਂ ਤੇ ਚੰਗਾੜਾਂ
ਪਰ ਦੱਸਦੀਆਂ ਹਨ ਕਿ
ਕਿਸਦਾ ਕੁੱਤਾ ਤੇ ਕਿਸਦਾ ਬੰਦਾ
ਧਰਤੀ ਤੋਂ ਤੁਰਿਆ ਹੈ
ਅੱਗ ਦੇ ਜੰਗਲ ਵਿਚਕਾਰ।

ਜਨੂੰਨ ਦੀ ਸੋਚ ਤਾਂ ਹੁੰਦੀ ਹੈ
ਉਹਨਾਂ ਕਲਜੋਗਣ ਡੈਣਾਂ ਵਰਗੀ

ਜੋ ਧਰਤੀ ਦੇ ਜਾਇਆਂ ਨੂੰ
ਜਾਏ ਖਾਣੀਆਂ ਬਣਕੇ
ਨਿਗਲ ਜਾਂਦੀਆਂ ਹਨ
ਪਾੜ ਕੇ ਨਿਰਦਈ ਦੰਦਾਂ ਨਾਲ
ਤੇ ਫਿਰ ਕਿਤੋਂ ਨਾ ਕਿਤੋਂ
ਸੁਣਦੀਆਂ ਹਨ ਕਿਸੇ ਦੈਵੀ ਰਹਿਮ ਦੀਆਂ
ਜੈ ਕਾਰਾਂ, ਕੂਕਾਂ ਤੇ ਕਿਲਕਾਰੀਆਂ।
ਅਸੀਂ ਸਭ ਲਾਸ਼ਾਂ ਵੇਖਦੇ ਹਾਂ
ਤੇ ਲਾਸ਼ਾਂ ਗਿਣਤੇ ਹਾਂ
ਤੇ ਫਿਰ ਲਾਸ਼ਾਂ ਧੂਅ ਕੇ
ਆਪਣੀ ਨਸਲ ਦੀ,
ਪਛਾਣ ਕਰਦੇ ਹਾਂ
ਬਰੂਦ ਨਾਲ ਡੱਟੀਆਂ
ਸੱਪ ਦੀ ਜੀਭ ਵਾਂਗ ਫਰਕਦੀਆਂ
ਬੰਦੂਕਾਂ ਦੀ ਸਲਾਮੀ ਦੇ ਕੇ
ਤੇ ਬਦਲੇ ਦੀ ਕਸਮ ਖਾ ਕੇ।

ਖੁੱਦੋ ਵਾਂਗ ਖੇਡਦੇ ਹਾਂ
ਮਨੁੱਖੀ ਸਿਰਾਂ ਦੀ ਖੇਡ
ਜੋ ਕਦੀ ਕੱਟ ਲਿਆਉਂਦੇ ਹਾਂ
ਕਦੀ ਗੁਆ ਆਉਂਦੇ ਹਾਂ
ਧੜਾਂ ਦੀ ਗਿਣਤੀ ਦੇ ਨੰਬਰ ਘੁਮਾਉਂਦੇ
ਸ਼ਹੀਦੀ ਦਾ ਝੰਡਾ ਧਰਦੇ ਹਾਂ
ਕਿਸੇ ਨੂੰ ਗੱਦਾਰ, ਨਕਸਲੀ, ਅੱਤਵਾਦੀ
ਦੇਸ਼ ਧ੍ਰੋਹੀ ਜਾਂ ਬਦੇਸ਼ੀ ਘੁਸਪੈਠੀਏ ਜਾਂ ਰਾਸਟਰ
ਭਗਤ ਹੋਣ ਦਾ
ਕਰਦੇ ਹਾਂ ਐਲਾਨ।

ਇਹ ਧਰਤੀ ਇਹ ਮਾਂ
ਲੱਖਾਂ ਸਾਲਾਂ ਤੋਂ ਲਾਸ਼ਾਂ ਸੰਭਾਲਦੀ
ਤੇ ਬੰਦੂਕਾਂ ਦੇ ਫੱਟ ਜਰਦੀ
ਥੱਕ ਗਈ ਹੋਵੇਗੀ, ਪਰ ਅਸੀਂ ਬੰਦੇ
ਬੰਦੇ ਦੀਆਂ ਲਾਸ਼ਾਂ ਬਣਾਉਂਦੇ
ਨਹੀਂ ਥੱਕੇ, ਨਹੀਂ ਅੱਕੇ।

ਸਾਡਾ ਧਰਮ, ਸਾਡਾ ਅਕੀਦਾ ਸਾਨੂੰ
ਕਤਲ, ਬਲਾਤਕਾਰ, ਸਾੜ ਫੂਕ
ਲੁੱਟ ਮਾਰ ਕਰਕੇ, ਭੰਗੜੇ ਪਾਉਣ
ਤੇ ਅਸਮਾਨ ਵੱਲ ਗੋਲੀਆਂ ਦਾਗਣ ਤੋਂ
ਨਹੀਂ ਰੋਕਦਾ, ਨਹੀਂ ਟੋਕਦਾ।
ਇਉਂ ਆਦਮੀ ਨੂੰ ਆਦਮੀ
ਸੱਪ ਬਣ ਕੇ ਖਾਂਦਾ ਹੈ ਸਬੂਤਾ,
ਧਰਮ ਕਮਾਉਂਦਾ ਹੈ
ਸੁਰਗ ਦੀ, ਹੂਰਾਂ ਦੀ, ਦੈਵੀ ਗੋਦ ਦੀ
ਇਕ ਝੂਠੀ ਸ਼ਾਬਾਸ਼ ਖਾਤਰ
ਆਪਣੇ ਹੀ ਖੂਨ ਵਿਚ ਆਦਮੀ
ਖੁਦ ਹੀ ਨਹਾਉਂਦਾ ਹੈ।

ਬੰਦਾ ਜੋ ਜੁਲਮ ਦੀ
ਚੱਕੀ ਚਲਾਉਂਦਾ ਹੈ ਤੇ
ਬੰਦਾ ਹੀ ਜੁਲਮ ਦੀ
ਚੱਕੀ ਨੂੰ ਪੀਂਹਦਾ ਹੈ
ਗਰਜਾਂ ਦੀ ਖਾਤਰ ਫਾਹੇ ਲੱਗਦਾ
ਤੇ ਫਾਹੇ ਚੜ੍ਹਾਉਂਦਾ ਹੈ।
ਇਹ ਜਨੂੰਨ ਇਹ ਵੈਰ ਨਹੀਂ ਮੁੱਕਦਾ
ਖੂੰਨ ਦਾ ਭਗਸਾਗਰ ਨਹੀਂ ਸੁਕਦਾ।

ਏਸ ਕਿਨਾਰੇ ਦੀ ਓਸ ਕਿਨਾਰੇ ਦੀ
ਬੱਸ ਏਹੋ ਦਾਸਤਾਨ ਹੈ
ਸਾਧੂਆਂ ਦੀ ਧਰਤੀ ਸੀ ਜੋ
ਹੁਣ ਬੇਸਬਰਾ ਕਬਰ ਸਤਾਨ ਹੈ।
ਜਿੱਥੇ ਮੋਏ ਸ਼ਹੀਦਾਂ ਦੀ
ਬਹੁਤ ਲੰਬੀ ਕਤਾਰ ਹੈ
ਇਹ ਧਰਤੀ ਮਹਾਨ ਹੈ
ਇਹ ਕੈਸਾ ਸਰਾਪ ਤੇ ਕੈਸਾ ਵਰਦਾਨ ਹੈ?

ਹੰਕਾਰਿਆ ਮਨੁੱਖ ਨਿੱਤ ਬੈਠਦਾ
ਤੇ ਮੌਤ ਲਿਖਦਾ ਹੈ
ਫਿਰ ਸਿਰਾਂ ਦੀ ਖੇਡ ਵਿਚ
ਨਾ ਰਾਤ ਪੈਂਦੀ ਹੈ
ਨਾ ਦਿਨ ਛਿਪਦਾ ਹੈ।

ਪੈਰਾਂ ਤੋਂ ਦੂਰ, ਦਿਸਹੱਦੇ ਤੱਕ
ਉੱਡਦਾ ਬਰੂਦ, ਮਨੁੱਖਾਂ ਨੂੰ ਆਪਣੀ
ਪਛਾਣ ਬਣਾਉਂਦਾ ਹੈ
ਚੰਗੀ ਮਾੜੀ ਭਾਜੀ ਪਾਉਂਦਾ ਹੈ।
ਨਾ ਮਨ ਰੁਕਦਾ ਹੈ
ਨਾ ਭਾਜੀ ਮੁੱਕਦੀ ਹੈ
ਨਾ ਬਰੂਦ ਮੁੱਕਦਾ ਹੈ
ਨਾ ਬੰਦਾ ਬਦਲਦਾ ਹੈ
ਨਾ ਬੰਦੇ ਦਾ ਜਨੂੰਨ ਟੁੱਟਦਾ ਹੈ।

ਜਿਵੇਂ ਇਹ ਸਾਡੀ ਧਰਤੀ
ਧੁਰ ਧੁਰਵਾਂ ਤੇ ਸੁਰਗ ਤੱਕ
ਵੱਢ ਖਾਣੇ ਕੁੱਤਿਆਂ ਦੀ ਭੀੜ ਹੈ

ਜਿਨ੍ਹਾਂ ਨੂੰ ਆਪਣੀ ਆਪਣੀ
ਨਸਲ ਤੋਂ ਅੱਗੇ ਦਾ ਸੰਸਾਰ
ਨਹੀਂ ਭਾਉਂਦਾ ਨਹੀ. ਮਿਔਂਦਾ।
ਅਸਮਾਨ 'ਚੋਂ, ਕਿਸੇ ਰੱਬ ਦੀ ਰਹਿਮਤ ਨਹੀਂ
ਬਸ ਬਰੂਦ ਵਰਸਦਾ ਹੈ
'ਤੇ ਮਨੁੱਖੀ ਅੰਗ, ਹਵਾਵਾਂ 'ਚੋਂ
ਡੇਗਦੇ ਹਨ ਲਹੂ ਦੀ ਵਾਰਸ਼।

ਕਿਸੇ ਘਰ ਦੀਵਾਲੀ ਹੈ
ਕਿਸੇ ਘਰ ਮਾਤਮ ਹਨ੍ਹੇਰਾ।

ਇਹਨਾਂ ਹਾਸੜਾਂ ਤੇ ਰੋਣਿਆਂ ਨੇ
ਜੀਵਨ ਦਾ ਸਲੂਣਾ ਖਾ ਲਿਐ
ਪਰ ਹਾਕਮਾਂ ਤੇ ਤਾਜਰਾਂ ਨੇ
ਸੁਰਗਾਂ 'ਤੇ ਕਬਜਾ ਜਮਾ ਲਿਐ।

ਸਰਦਾਰੀਆਂ ਦਾ ਮਸਲਾ ਹੈ
ਪਰ ਪੇਟ ਖਾਤਰ ਮਨੁੱਖਾਂ ਨੇ,
ਮੌਤ ਦਾ ਗਲ ਪਟਾ ਪਾ ਲਿਆ ਹੈ।

ਕੋਈ ਮਾਰ ਦਿੰਦਾ ਹੈ
ਕੋਈ ਮਰ ਜਾਂਦਾ ਹੈ
ਸਭ ਨੇ ਇਸ ਜੀਵਨ ਨੂੰ ਜਿਵੇਂ
ਮੌਤ ਦੀ ਖੇਡ ਬਣਾ ਲਿਆ ਹੈ।

ਬਰੂਦ ਬਣਾਉਣ ਵਾਲੇ ਵੀ
ਚਲਾਉਣ ਵਾਲੇ ਵੀ ਦੋਹੇਂ ਅੱਤਵਾਦੀ ਹਨ।

**-ਪ੍ਰੋ. ਗੁਰਨਾਮ ਸਿੰਘ ਮੁਕਤਸਰ**
94178-92333

# ਅੰਬੇਡਕਰ- ਸਿੱਖ ਧਰਮ ਅਤੇ ਸਿੱਖ ਦੁਖਾਂਤ

ਹੋਈਆਂ। ਜਿੱਥੇ ਅਛੂਤ ਸੰਤ ਪੁਰਸ਼ ਖੱਤਰੀਆਂ, ਬ੍ਰਾਹਮਣਾਂ ਤੇ ਵੈਸ਼ ਆਦਿ ਤੇ ਸੂਫੀ ਮੁਸਲਮਾਨ ਪੀਰਾਂ-ਫਕੀਰਾਂ ਦੇ ਬਰਾਬਰ ਹੀ ਨਹੀਂ, ਮੂਹਰਲੀ ਕਤਾਰ ਵਿਚ ਸਥਾਪਤ ਹੋਏ। ਇਕ ਕਰਤਾ ਕਰਤਾਰ, ਇਕ ਸਮਾਨ ਬ੍ਰਹਿਮੰਡੀ ਓਟ ਇਕ ਰਮਾਇਣੀ ਰਾਮ-ਰਮੱਈਆ, ਇਕੋ ਗੁਰ ਦ੍ਰਿਸ਼ਟੀ, ਇਕ ਉਦੇਸ਼, ਇਕ ਸਮਝ ਉਪਦੇਸ਼, ਇਕਸਾਰ ਮਨੁੱਖਤਾ ਜੇ ਪੂਰੇ ਬ੍ਰਹਿਮੰਡ ਦਾ ਪਿੰਡਾ ਅਭੀਰ ਸਨ। ਦੂਈ, ਊਚ ਨੀਚ, ਰੰਗ ਨਸਲ ਤੇ ਲਿੰਗ ਭੇਦ, ਪਾਖੰਡ, ਅੰਧ ਵਿਸ਼ਵਾਸ, ਮਰਨ ਉਪਰੰਤ ਕੋਈ ਸੰਸਾਰ, ਨਰਕ ਸੁਰਗ, ਪੁਨਰ ਜਨਮ, ਹੈ ਹੀ ਨਹੀਂ। ਨਾ ਕੋਈ ਬਗਾਨਾ ਹੈ। ਨਾ ਵੈਰੀ। ਸਗਲ ਬ੍ਰਹਿਮੰਡੀ ਅੱਲਾ ਦਾ ਨੂਰ (ਤੱਤ ਰਚਨਾ) ਇਕ ਸਮਾਨ। ਬੁੱਧ ਦਰਸ਼ਨ ਤੋਂ ਬਗੈਰ ਸੰਸਾਰ ਦਾ ਕੋਈ ਵੀ ਧਰਮ ਵਿਚਾਰ ਇਸ ਸਾਰੇ ਮਨੁੱਖੀ ਪਸਾਰ ਤੇ ਸਪਸ਼ਟ ਨਹੀਂ ਹੈ। ਅਗਰ ਮੈਨੂੰ ਇਹ ਸਾਬਤ ਕਰਨਾ ਪਵੇ ਤਾਂ ਕਰ ਦਿਆਂਗਾ। ਸਾਫ ਲਿਖਿਆ ਹੈ ਸਭ ਕੁਝ। ਸਾਰੇ ਸ਼ਬਦ ਗਿਆਨ ਦਾ ਭੰਡਾਰ ਹਨ ਤੇ ਇਹ ਗਿਆਨ ਭੰਡਾਰ ਹੀ ਚੇਤੇ ਰੱਖਣ ਵਾਲਾ ਨਾਮ ਸਿਮਰਨ ਹੈ।

ਨਾਮ ਅਤੇ ਰੂਪ ਬੁੱਧ ਦਾ ਦਰਸ਼ਨ ਹੈ ਕਿ ਮਨੁੱਖ ਕੋਲ ਇਕ ਰੂਪ ਹੈ ਪੰਜ ਤੱਤਾਂ ਦਾ ਰਸਾਇਣੀ ਰੂਪ। ਭੌਤਿਕ ਰੂਪ ਜੋ ਬ੍ਰਹਿਮੰਡ ਦਾ ਜਮ੍ਹਾ ਜੋੜ ਭਾਵ ਸੰਯੋਗ ਹੈ। ਸੰਯੋਗ ਜਿਸਦਾ ਕੋਈ ਕਾਰਨ ਹੈ। ਕਾਰਨ ਆਪਣੇ ਆਪ ਪੈਦਾ ਹੁੰਦਾ ਹੈ। ਕਾਰਨਾਂ ਵੱਸ ਪਾਣੀ ਤੇ ਜੀਵ ਬਣੇ, ਹਰਿਆਵਲ ਬਣੀ। ਤੇ ਲੰਬੇ ਸਮੇਂ ਵਿਚ ਇਹ ਆਦਮੀ ਬਣਿਆ। ਪੰਜ ਤੱਤਾਂ ਦਾ ਸੰਯੋਗੀ ਅੰਗ ਰੂਪ। ਪ੍ਰੰਤੂ ਇਸ ਦੇ ਅੰਦਰ ਰਾਜਾ ਸੁਲਤਾਨ ਮਨ ਹੈ। ਜੋ ਅੰਤਰਜਾਮੀ ਹੈ। ਮਹਾਂਸ਼ਕਤੀ ਆਪ ਹੁਦਰਾ। ਗੁਣਾਂ ਔਗਣਾਂ, ਚੰਗੀਆਈਆਂ ਬੁਰਾਈਆਂ ਦਾ ਖਜ਼ਾਨਾ। ਸਰੀਰ ਉਹੀ ਕਰਦਾ ਹੈ ਜੋ ਮਨ ਕਹਿੰਦਾ ਹੈ। ਮਨ ਉਹੀ ਕਹਿੰਦਾ ਹੈ ਜੋ ਉਸ ਪਾਸ ਜਮ੍ਹਾ ਹੈ। ਬੇਮੁਹਾਰਾ, ਗਲਤ ਮਲਤ ਚੱਲਿਆ ਤਾਂ ਬੰਦਾ ਮਨਮੁਖ। ਗਿਆਨੀ ਸਮਝਦਾਰ, ਬੁੱਧੀਮਾਨ, ਬੂਝਲ, ਜਾਗਿਆ, ਪਾਰਖੂ ਬਣ ਕੇ ਭੁਗਤਿਆ ਤਾਂ ਗੁਰਮੁਖ ਬੰਦਾ। ਨਾਮ ਉਹ ਗਿਆਨ ਹੈ ਜੋ ਮਨ ਦੇ ਖਜ਼ਾਨੇ ਵਿਚ ਹੈ। ਖਜ਼ਾਨੇ ਦੇਖਣ, ਸੁਣਨ, ਪੜ੍ਹਨ, ਸੁੰਘਣ, ਛੋਹਣ ਨਾਲ ਭਰਿਆ ਹੈ। ਨਾਮ ਸੁਣੇ, ਦੇਖੇ, ਸੁੰਘੇ, ਛੂਹੇ, ਪੜ੍ਹੇ ਨਾਲ ਪ੍ਰਾਪਤ ਗਿਆਨ ਦਾ ਉੱਤਮ ਭਾਵ, ਦਇਆ ਵੀ, ਸਬਰੀ ਸੰਤੋਖੀ, ਸਦਾਚਾਰੀ, ਉਪਕਾਰੀ ਤੇ ਬਰਾਬਰਤਾ ਭਰੀ ਸੋਚ ਦਾ ਨਾਂ ਹੈ ਤੇ ਉਸਦਾ ਅਮਲ ਨਿਰਬਾਣ ਪ੍ਰਾਪਤੀ, ਸੁਰਗ ਪ੍ਰਾਪਤੀ, ਨਿਰੰਕਾਰ ਪ੍ਰਾਪਤੀ ਹੈ, ਬਾਕੀ ਸਭ ਬਦੀ। ਪਾਖੰਡੀ ਅੰਧ ਧੰਦ। ਮਾਇਆ ਜਾਲ। ਜਿਵੇਂ ਹਿੰਦੂ ਰੀਤ ਰਾਮ ਕਰਕੇ, ਹਰੇ ਰਾਮਾ, ਹਰੇ ਕ੍ਰਿਸ਼ਨਾ, ਨਮੋ ਸ਼ਿਵਾਏ, ਜੈ ਦੁਰਗਾ ਮਾਤਾ ਆਦਿ ਰਟਦਾ ਰਿਹਾ, ਗਾਉਂਦਾ ਰਿਹਾ, ਸਿਮਰਦਾ ਰਿਹਾ, ਜਪਦਾ ਰਿਹਾ। ਦੁਖਾਂਤ ਇਹ ਹੈ ਕਿ ਸਿੱਖਾਂ ਨੇ ਵੀ ਰਾਮ ਰਟਣ ਦੀ ਰੀਤ ਕਰ ਲਈ। ਉਹ ਸਭ ਗੋਬਿੰਦ ਹੈ, ਗੋਬਿੰਦ ਬਿਨ ਕੋਈ ਨਹੀਂ ਦੇ ਉਪਦੇਸ਼ ਕਿ ਸਭ ਇਕ ਸਮਾਨ ਵਰਤਦਾ ਹੈ, ਕੋਈ ਊਚ ਨੀਚ ਰੰਗ ਨਸਲ ਤੇ ਵਰਨ ਭੇਦ ਨਹੀਂ, ਇਹ ਸੱਚ ਨੂੰ ਜਾਣੇ ਵਿਚ ਜਾਂ ਅਣਜਾਣੇ ਵਿਚ ਛੱਡਦਾ ਦਿੱਤਾ ਤੇ ਕੇਵਲ ਰਾਮ ਨਾ ਰਟਣ ਦੀ ਰੀਸ ਕਰ ਲਈ। ਇਉਂ ਗੁਰਮੱਤ ਨੂੰ ਮਨਮੱਤ ਵਿਚ ਬਦਲ ਲਿਆ।

ਅੰਬੇਡਕਰ ਵਿਚਾਰਧਾਰਾ ਅਤੇ ਸਿੰਘ ਹੋਣ ਦੇ ਉਦੇਸ਼ ਨੂੰ ਉਸ ਸਮੇਂ ਦੇ ਸਿੱਖਾਂ ਤੋਂ ਕਿਤੇ ਵਧੇਰੇ ਚੰਗੀ ਤਰ੍ਹਾਂ ਜਾਣਦੇ ਸਨ। ਤਦ ਹੀ ਉਹ ਇਸ ਤਰਫ਼ ਮੁੜੇ। ਰਾਮ ਨਾਮ ਦੇ ਰਟਣ ਵਾਸਤੇ ਨਹੀਂ ਦੇਸ਼ ਦੀ ਅੱਧੀ ਆਬਾਦੀ ਨੂੰ ਬ੍ਰਾਹਮਣੀ ਜਕੜ ਤੋਂ ਮੁਕਤ ਕਰਨ ਲਈ। ਉਹ ਹਥਿਆਰਬੰਦੀ ਦਾ ਮਹੱਤਵ ਜਾਣਦੇ ਸਨ ਕਿ ਸਿੱਖ ਬਣ ਕੇ ਇਹ ਦੱਬਿਆਂ ਕੁਚਲਿਆਂ ਤੇ ਪੀੜਤ ਮਨੁੱਖ ਆਪਣੀ ਰੱਖਿਆ ਕਰਨ ਦੇ ਸਮਰੱਥ ਹੋ ਜਾਵੇਗਾ। ਇਸ ਸੱਚ ਦਾ ਸਬੂਤ ਹੈ 1699 ਤੋਂ 1848 ਤੱਕ ਦਾ ਸਿੱਖ ਇਤਿਹਾਸ। ਜਿਸਨੂੰ ਜਾਤ ਪ੍ਰਸਤੀ ਤਾਕਤਾਂ ਦੀ ਘੁਸਪੈਠ ਨੇ ਤਬਾਹ ਕੀਤਾ। ਜੋ ਫਿਰ ਕਾਬਜ਼ ਹੋਈਆਂ ਤੇ ਅੰਬੇਡਕਰ ਦੇ ਸੁਚੇਤ ਫੈਸਲੇ ਨੂੰ ਬੜੇ ਆਰਾਮ ਨਾਲ ਮੂਧਾ ਮਾਰ ਦਿੱਤਾ। ਉਹਨਾਂ ਸਿੱਖਾਂ ਨੇ ਉਸ ਸੰਕਲਪ ਨੂੰ ਪੂਰਾ ਹੋਣ ਦਿੱਤਾ ਹੁੰਦਾ ਤਾਂ ਇਹ ਭਾਰਤ ਸ਼ਾਨਦਾਰ ਮਾਨਵੀ ਵਿਚਾਰਧਾਰਾ ਨਾਲ ਲੈਸ ਹੀ ਨਾ ਹੁੰਦਾ, ਸੰਸਾਰ ਦੀ ਇਕ ਵੱਖਰੀ ਮਹਾਂਸ਼ਕਤੀ ਵੀ ਹੁੰਦਾ। ਪਹਿਲਾ ਧੋਖਾ ਸਿੱਖ ਜਗਤ ਨਾਲ ਹਿੰਦ ਪੰਜਾਬ ਦੀ ਜੰਗ 'ਚ ਹੋਇਆ। ਦੂਜਾ ਅੰਬੇਡਕਰ ਦੇ ਸਿੱਖ ਬਣਨ ਸਮੇਂ ਜਿਸਦੀ ਸਜ਼ਾ ਅੱਜ ਤੱਕ ਸਿੱਖ ਸਮਾਜ ਭੁਗਤ ਰਿਹਾ ਹੈ। ਇਹ ਭਿਅੰਕਰ ਦੁਖਾਂਤ ਹੈ ਸਮਾਜ ਦਾ।

ਨਾ ਤਾਂ ਇਸ ਸੱਚ ਨੂੰ ਸਿੱਖ ਜਗਤ ਨੇ ਸਮਝਿਆ, ਨਾ ਮੰਨਿਆ, ਨਾ ਗਲਤੀ ਦਾ ਅਹਿਸਾ ਕੀਤਾ। ਅਗਰ ਅਜਿਹਾ ਹੁੰਦਾ ਤਾਂ ਸਿੱਖ ਬਾਅਦ ਵਿਚ ਵੀ ਸਮਾਜਿਕ ਪ੍ਰਵਰਤਨ ਦੇ ਰਾਹ ਪੈਂਦੇ। ਗੁਰੂ ਦਾ ਉਦੇਸ਼ ਪੂਰਾ ਕਰਦੇ, ਪ੍ਰੰਤੂ ਹਿੰਦੂ ਮਨਮੱਤ ਦੇ ਰਾਹ ਪਿਆ ਸਿੱਖ ਬਹੁਗਿਣਤੀ ਜਗਤ, ਫਿਰ ਕਦੀ ਆਪਣੀ ਲੀਹ ਤੋਂ ਨਹੀਂ ਹਟਿਆ ਤੇ ਸੱਚ ਦਾ ਚੰਦਰਮਾ, ਮਨਾਂ ਦੇ ਹਨੇਰੇ ਵਿਚ ਡੁਬਦਾ ਤੁਰਿਆ ਗਿਆ। ਅੰਬੇਡਕਰ ਦੀ ਕ੍ਰਾਂਤੀ ਜੋ 1699 ਤੋਂ ਬਾਅਦ 1935-37 ਦੌਰਾਨ ਵਰਤਣ ਵਾਲੀ ਸੀ, ਨੂੰ ਸਿੱਖਾਂ ਨੇ ਹੀ ਉਲਟਾ ਧੱਕ ਦਿੱਤਾ। ਇਤਿਹਾਸ ਦਾ ਇਹ ਕਾਲਾ ਪੰਨਾ ਸਿੱਖਾਂ ਅਤੇ ਦਲਿਤ ਬਹੁਜਨਾਂ ਵਾਸਤੇ ਵੱਡਾ ਦੁਖਾਂਤ ਬਣ ਕੇ ਰਹਿ ਗਿਆ।

# ਗੁਰੂ ਨਾਨਕ ਜਗ ਮਹਿ ਪਠਾਇਆ




ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿੱਚ ਆਗਮਨ ਬਾਰੇ ਲੇਖਕਾਂ, ਸਾਧੂ, ਸੰਤਾਂ, ਬੁੱਧੀਜੀਵੀਆਂ ਅਤੇ ਕਥਾਵਾਚਕਾਂ ਨੇ ਆਪਣੀਆਂ ਲਿਖਤਾਂ, ਖੋਜਾਂ ਅਤੇ ਕਥਾਵਾਂ ਵਿੱਚ ਜ਼ਿਕਰ ਕੀਤਾ ਹੈ ਕਿ ਉਸ ਵੇਲੇ ਸੰਸਾਰ ਦੇ ਹਾਲਾਤ ਇੰਨੇ ਬਦਤਰ ਹੋ ਚੁੱਕੇ ਸਨ ਕਿ ਸਰਕਾਰ-ਦਰਬਾਰੇ ਨਿਆਂ ਨਾਂ ਦੀ ਕੋਈ ਗੱਲ ਨਹੀਂ ਰਹੀ ਸੀ। ਧਰਮ ਦੀ ਹੋਂਦ ਵੀ ਲੱਭਿਆਂ ਨਹੀਂ ਸੀ ਲਭਦੀ। 'ਜਿਸ ਦੀ ਲਾਠੀ ਉਸਦੀ ਭੈਂਸ' ਵਾਲੀ ਗੱਲ ਹੋਈ ਪਈ ਸੀ। ਪੂਰਾ ਸਮਾਜ ਜਾਤ-ਪਾਤ ਦੀ ਦਲਦਲ ਵਿੱਚ ਫਿਸਿਆ ਪਿਆ ਸੀ। ਇਨਸਾਨੀਅਤ ਦੀ ਹੋਂਦ ਖ਼ਤਮ ਹੋ ਚੁੱਕੀ ਸੀ। ਸੰਸਾਰ ਦੀ ਹਾਲਤ ਮੂੰਹ-ਹਨੇਰੀ ਅਤੇ ਤੂਫਾਨੀ ਰਾਤ ਵਰਗੀ ਹੋਈ ਪਈ ਸੀ। ਮਹਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ 20ਵੀਂ ਪਾਉੜੀ ਵਿੱਚ ਉਸ ਸਮੇਂ ਦਾ ਹਾਲ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ :

ਮਾਰਨ ਗਊ ਗਰੀਬ ਨੋ ਧਰਤੀ ਉਪਰਿ ਪਾਪ ਬਿਥਾਰਾ॥
ਕਾਫਰ ਮੁਲਹਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ॥
ਪਾਪੇ ਦਾ ਵਰਤਿਆ ਵਰਤਾਰਾ॥

ਇਸੇ ਵਾਰ ਦੀ ਪਾਉੜੀ 23ਵੀਂ ਵਿੱਚ ਉਹ ਲਿਖਦੇ ਹਨ:
ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥
ਕਲਿ ਤਾਰਣਿ ਗੁਰੂ ਨਾਨਕ ਆਇਆ॥

ਇਸੇ ਵਾਰ ਦੀ ਪਾਉੜੀ 27ਵੀਂ ਵਿੱਚ ਉਹ ਲਿਖਦੇ ਹਨ:
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥

ਸੰਸਾਰ ਦੀ ਅਜਿਹੀ ਸਥਿਤੀ ਵਿੱਚ ਲਾਹੌਰ ਤੋਂ ਪੱਛਮ ਵੱਲ 65 ਕਿਲੋਮੀਟਰ ਦੂਰ ਪਿੰਡ ਰਾਇ ਭੋਇ ਦੀ ਤਲਵੰਡੀ(ਹੁਣ ਨਨਕਾਣਾ ਸਾਹਿਬ, ਪਾਕਿਸਤਾਨ) ਵਿੱਚ ਮਾਤਾ ਤ੍ਰਿਪਤਾ ਦੀ ਪਵਿੱਤਰ ਕੁੱਖੋਂ, ਪਿਤਾ ਕਲਿਆਣ ਚੰਦ ਬੇਦੀ ਉਰਫ ਕਾਲੂ ਮਹਿਤਾ ਦੇ ਗ੍ਰਿਹ ਵਿਖੇ ਕੱਤਕ ਮਹੀਨੇ ਦੀ ਪੂੰਨਿਆਂ ਵਾਲੀ ਰਾਤ ਨੂੰ ਇੱਕ ਪੁੱਤਰ ਦਾ ਜਨਮ ਹੋਇਆ। ਬਾਲਕ ਦੇ ਚਿਹਰੇ ਦਾ ਤੇਜ਼ ਵੇਖ ਕੇ ਦਾਈ ਦੇ ਮੂੰਹੋਂ ਉਸ ਵੇਲੇ ਸੁਤੇ-ਸਿੱਧ ਹੀ ਨਿਕਲ ਗਿਆ ਸੀ ਕਿ 'ਇਹ ਬਾਲਕ ਤਾਂ ਕੋਈ ਵਿਲੱਖਣ ਆਤਮਾ ਲਗਦੀ ਹੈ'। ਜਿਹੜੇ ਜੋਤਸ਼ੀ ਨੇ ਬਾਲਕ ਦਾ ਜਨਮ ਪੱਤਰਾ ਬਣਾਇਆ ਸੀ, ਉਸਨੇ ਵੀ ਲਿਖਿਆ ਸੀ ਕਿ ਇਹ ਬਾਲਕ ਵੱਡਾ ਹੋ ਕੇ ਮਹਾਨ ਅਧਿਆਤਮਿਕ ਆਗੂ ਅਤੇ ਸਮਾਜ-ਸੁਧਾਰਕ ਬਣੇਗਾ। ਬਾਲਕ ਦਾ ਨਾਮਕਰਨ ਕਰਕੇ ਉਸਦਾ ਨਾਂ 'ਨਾਨਕ ਦੇਵ' ਰੱਖਿਆ ਗਿਆ।

ਗੁਰੂ ਨਾਨਕ ਦੇਵ ਜੀ ਦੀ ਭੈਣ, ਜਿਸਨੂੰ ਸਿੱਖ ਜਗਤ ਵਿੱਚ ਸਤਿਕਾਰ ਨਾਲ ਬੇਬੇ ਨਾਨਕੀ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਗੁਰੂ ਜੀ ਤੋਂ ਕੋਈ ਪੰਜ ਸਾਲ ਵੱਡੀ ਸੀ, ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ 'ਨੂਰੀ ਜੋਤ' ਵਜੋਂ ਪਛਾਣਿਆ ਸੀ, ਕਿਉਂਕਿ ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਹਰੇਕ ਗੱਲ ਅਤੇ ਰਸਮ-ਰਿਵਾਜ ਬਾਰੇ ਸਵਾਲ ਕਰਿਆ ਕਰਦੇ ਸਨ ਅਤੇ ਹਰ ਗੱਲ, ਰਸਮ ਅਤੇ ਰਿਵਾਜ ਦਾ ਡੂੰਘਾਈ ਨਾਲ ਅਧਿਐਨ ਕਰਦੇ ਸਨ। ਇਸੇ ਹੀ ਕਿਉਂ ਅਤੇ ਕਿਵੇਂ ਦੀ ਸੋਚ ਨੇ ਉਨ੍ਹਾਂ ਨੂੰ ਇੰਨਾ ਮਹਾਨ ਬਣਾ ਦਿੱਤਾ ਕਿ ਉਨ੍ਹਾਂ ਦੇ ਦਿਮਾਗ਼ ਵਿੱਚ ਤਰਕਾਂ ਦਾ ਇੱਕ ਮਹਾਂ-ਕੋਸ਼ ਤਿਆਰ ਹੋ ਗਿਆ। ਹਰੇਕ ਬਹਿਸ/ਗੋਸ਼ਟ ਵਿੱਚ ਉਹ ਮੂਹਰਲੇ ਉਤੇ ਹਾਵੀ ਹੋ ਜਾਂਦੇ ਸਨ ਅਤੇ ਉਨ੍ਹਾਂ ਨਾਲ ਬਹਿਸ ਕਰਨ ਵਾਲਾ ਹਰੇਕ ਵਿਦਵਾਨ ਅੰਤ ਵਿੱਚ ਉਨ੍ਹਾਂ ਦਾ ਮੁਰੀਦ ਬਣ ਜਾਂਦਾ ਸੀ। ਇਸ ਗੱਲ ਦੀਆਂ ਉਨ੍ਹਾਂ ਦੇ ਜੀਵਨ ਵਿੱਚੋਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਸਿੱਧ ਗੋਸ਼ਟਾਂ ਨੂੰ ਲੈ ਲਓ, ਕੌਡੇ ਰਾਕਸ਼ ਨਾਲ ਉਨ੍ਹਾਂ ਦੀ ਮਿਲਣੀ ਨੂੰ ਲੈ ਲਉ, ਪੁਜਾਰੀ ਵੱਲੋਂ ਉਨ੍ਹਾਂ ਨੂੰ ਜਨੇਊ ਪਹਿਨਾਉਣ ਦੀ ਘਟਨਾ ਨੂੰ ਲੈ ਲਉ, ਪਾਂਧੇ ਵੱਲੋਂ ਉਨ੍ਹਾਂ ਨੂੰ ਪੜ੍ਹਾਉਣ ਦੇ ਵਿਸ਼ੇ ਨੂੰ ਲੈ ਲਉ, ਪਿੱਤਰਾਂ ਨੂੰ ਪਾਣੀ ਦੇਣ ਵਾਲੀ ਗੱਲ ਨੂੰ ਲੈ ਲਉ, ਮਲਿਕ ਭਾਗੋ ਤੇ ਭਾਈ ਲਾਲੋ ਦੇ ਭੋਜਨ ਨੂੰ ਲੈ ਲਉ, ਭਾਵ ਹਰੇਕ ਘਟਨਾਂ ਵਿੱਚ ਉਨ੍ਹਾਂ ਦੇ ਤਰਕ ਦੀ ਅਦੁੱਤੀ ਮਿਸਾਲ ਮਿਲਦੀ ਹੈ।

ਤੇਜ਼ ਬੁੱਧੀ ਕਰਕੇ ਗੁਰੂ ਨਾਨਕ ਦੇਵ ਜੀ ਜਲਦੀ ਹੀ ਅਰਬੀ, ਫਾਰਸੀ, ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਸਿੱਖ ਹੀ ਨਹੀਂ ਗਏ ਸਗੋਂ ਇਨ੍ਹਾਂ ਭਸ਼ਾਵਾਂ ਦੇ ਮਾਹਰ ਵੀ ਬਣ ਗਏ। ਉਸ ਸਮੇਂ ਸਕੂਲ ਮੰਦਰਾਂ, ਮਸੀਤਾਂ ਵਿੱਚ ਹੀ ਹੁੰਦੇ ਸਨ ਅਤੇ ਉਨ੍ਹਾਂ ਨੂੰ ਮਦਰੱਸੇ ਕਿਹਾ ਜਾਂਦਾ ਸੀ। ਮੰਦਰ ਦਾ ਪੁਜਾਰੀ ਅਤੇ ਮਸੀਤ ਦਾ ਮੌਲਵੀ ਹੀ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਕਰਦੇ ਸਨ। ਸੋ ਰਵਾਇਤ ਅਨੁਸਾਰ ਗੁਰੂ ਜੀ ਨੂੰ ਵਿਦਿਆ ਹਾਸਿਲ ਕਰਨ ਲਈ ਮਦਰੱਸੇ ਵਿੱਚ ਭੇਜਿਆ ਗਿਆ। ਪਾਂਧੇ ਨੇ ਗੁਰੂ ਜੀ ਨੂੰ ਪੜ੍ਹਾਉਣ ਲਈ ਪੱਟੀ ਉਤੇ ਫਾਰਸੀ/ਉੜਦੂ ਭਾਸ਼ਾ ਦਾ ਪਹਿਲਾ ਅੱਖਰ ਅਲਫ (।) ਲਿਖਿਆ। ਫਿਰ ਗਿਣਤੀ ਸਿਖਾਉਣ ਲਈ ਪਹਿਲਾ ਅੱਖਰ ਇੱਕ (।) ਲਿਖਿਆ। ਗੁਰੂ ਜੀ ਨੇ ਪਾਂਧੇ ਨੂੰ ਕਿਹਾ ਕਿ ਇਹ ਦੋਵੇਂ ਅੱਖਰ ਇੱਕੋ ਜਿਹੇ ਹਨ, ਇਸਦਾ ਕੀ ਮਤਲਬ? ਪਾਂਧਾ ਆਪਣੀ ਅਕਲ ਅਨੁਸਾਰ ਅਰਥ ਕਰਕੇ ਦੱਸਣ ਲੱਗਿਆ, ਪਰ ਗੁਰੂ ਜੀ ਦੀ ਤਸੱਲੀ ਨਾ ਹੋਈ। ਤਾਂ ਪਾਂਧੇ ਨੇ ਗੁਰੂ ਜੀ ਨੂੰ ਕਿਹਾ ਫਿਰ ਤੂੰ ਅਰਥ ਕਰ ਦੇਹ। ਗੁਰੂ ਜੀ ਨੇ ਹਲੀਮੀ ਨਾਲ ਕਿਹਾ ਪਾਂਧੇ ਜੀ ਇਹ ਦੋਵੇਂ ਅੱਖਰ ਮੁਢਲੇ ਹਨ ਅਤੇ ਦੋਹਾਂ ਦਾ ਸਰੂਪ ਇੱਕੋ ਜਿਹਾ ਹੈ। ਫਿਰ ਇਸ ਸ੍ਰਿਸ਼ਟੀ ਦੇ ਮੁੱਢ ਵਿੱਚ ਕੌਣ ਹੈ? ਸਪਸ਼ਟ ਹੈ ਕਿ 'ਪ੍ਰਮਾਤਮਾ'। ਫਿਰ ਪ੍ਰਮਾਤਮਾ ਅਤੇ ਅੱਲਾ ਵਿੱਚ ਫਰਕ ਕਿਉਂ ਹੈ? ਇਹ ਦੋਵੇਂ ਹੀ ਇਸ ਸ੍ਰਿਸ਼ਟੀ ਦਾ ਮੁੱਢ ਹਨ। ਪਾਂਧਾ ਗੁਰੂ ਜੀ ਦੀ ਬਚਪਨ ਵਿੱਚ ਇੰਨੀ ਉੱਚੀ ਸੋਚ ਨੂੰ ਵੇਖਕੇ ਦੰਗ ਰਿਹ ਗਿਆ ਅਤੇ ਉਸਨੇ ਕਾਲੂ ਮਹਿਤਾ ਜੀ ਨੂੰ ਦੱਸਿਆ ਕਿ ਤੁਹਾਡਾ ਪੁੱਤਰ ਤਾਂ ਬਹੁਤ ਵਿਦਵਾਨ ਹੈ। ਇਹ ਜਿਹੜੀਆਂ ਗੱਲਾਂ ਕਰਦਾ ਹੈ, ਉਹ ਤਾਂ ਵੱਡੇ ਵੱਡੇ ਵਿਦਵਾਨਾਂ ਕੋਲ ਵੀ ਨਹੀਂ ਹਨ।



ਸੰਤੋਖ ਸਿੰਘ ਸੰਧੂ
(+64) 022 071 0935

ਕਾਲੂ ਮਹਿਤਾ ਦਾ ਸੰਬੰਧ ਇੱਕ ਵਪਾਰੀ ਪਰਿਵਾਰ ਨਾਲ ਸੀ ਅਤੇ ਜਿਵੇਂ ਹਰੇਕ ਬਾਪ ਦੀ ਖਾਹਿਸ਼ ਹੁੰਦੀ ਹੈ ਕਿ ਉਸਦਾ ਪੁੱਤਰ ਉਸਦੇ ਕਾਰੋਬਾਰ ਨੂੰ ਅੱਗੇ ਵਧਾਵੇ ਅਤੇ ਬੜਾ ਅਮੀਰ ਬਣੇ। ਕੋਈ ਵੀ ਬਾਪ ਇਹ ਨਹੀਂ ਚਾਹੁੰਦਾ ਕਿ ਉਸਦਾ ਪੁੱਤਰ ਸਾਧੂ, ਫਕੀਰ ਜਾਂ ਸ਼ਹੀਦ ਬਣੇ। ਕਾਲੂ ਨੇ ਨਾਨਕ ਨੂੰ ਘਰ ਦੇ ਕੰਮਾਂ ਕਾਰਾਂ ਵਿੱਚ ਲਾਉਣ ਦਾ ਯਤਨ ਕੀਤਾ। ਗੁਰੂ ਜੀ ਨੂੰ ਮੱਝਾਂ ਬਾਹਰ ਚਰਾਂਦ ਵਿੱਚ ਚਾਰਨ ਵਾਸਤੇ ਭੇਜਿਆ ਗਿਆ। ਪਰ ਜਿਵੇਂ ਭਾਈ ਵੀਰ ਸਿੰਘ ਨੇ ਲਿਖਿਆ ਹੈ: ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਾ ਬਹਿੰਦੇ। ਨੇਹੁੰ ਵਾਲੇ ਨੈਣਾ ਦੀ ਨੀਂਦਰ ਦਿਨੇ ਰਾਤ ਪਏ ਵਹਿੰਦੇ। ਮੱਝਾਂ ਚਾਰਦਿਆਂ ਗੁਰੂ ਜੀ ਪ੍ਰਭੂ ਦੇ ਧਿਆਨ ਵਿੱਚ ਇੰਨੇ ਲੀਨ ਹੋ ਗਏ ਕਿ ਪਤਾ ਹੀ ਨਾ ਲੱਗਿਆ ਕਦੋਂ ਉਨ੍ਹਾਂ ਨੂੰ ਨੀਂਦ ਆ ਗਈ। ਉਹ ਧੁੱਪ ਵਿੱਚ ਭੁੰਜੇ ਹੀ ਲੇਟ ਗਏ। ਮੱਝਾਂ ਕਿਸੇ ਜਟ ਦੇ ਖੇਤ ਵਿੱਚ ਜਾ ਵੜੀਆਂ। ਰਾਇ ਬੁਲਾਰ ਕੋਲ ਸ਼ਿਕਾਇਤ ਪੁੱਜੀ। ਸਾਰੇ ਆ ਕੇ ਕੀ ਵੇਖਦੇ ਹਨ ਕਿ ਬਾਲਕ ਨਾਨਕ ਧੁੱਪ ਵਿੱਚ ਲੇਟਿਆ ਹੋਇਆ ਹੈ ਅਤੇ ਇੱਕ ਵੱਡੇ ਫਨੀਅਰ ਸੱਪ ਨੇ ਆਪਣੀ ਫੰਨ ਖਿਲਾਰ ਕੇ ਉਸਦੇ ਮੁੱਖ ਉਤੇ ਛਾਂ ਕੀਤੀ ਹੋਈ ਹੈ। ਰਾਇ ਬੁਲਾਰ ਉਸ ਵੇਲੇ ਹੀ ਜਾਣ ਗਿਆ ਕਿ ਇਹ ਕੋਈ ਸਾਧਾਰਨ ਬਾਲਕ ਨਹੀਂ ਹੈ। ਉਸਨੇ ਕਾਲੂ ਨੂੰ ਹਦਾਇਤ ਕੀਤੀ ਕਿ ਇਸ ਬਾਲਕ ਨੂੰ ਝਿੜਕਣਾ ਨਹੀਂ। ਇਹ ਤਾਂ ਕੋਈ ਰੱਬ ਦਾ ਹੀ ਰੂਪ ਧਰਤੀ ਉਤੇ ਆਇਆ ਲਗਦਾ ਹੈ। ਪਰ ਪਿਤਾ ਨੂੰ ਤਾਂ ਇਹ ਬਾਲਕ ਪਿਤਾ ਦੇ ਕਾਰੋਬਾਰ ਨੂੰ ਅੱਗੇ ਵਧਾਉਣ ਵਾਲਾ ਚਾਹੀਦਾ ਹੈ।

ਦੂਸਰੀ ਕੋਸ਼ਿਸ਼ ਵਿੱਚ ਪਿਤਾ ਨੇ ਨਾਨਕ ਨੂੰ ਕੁਝ ਪੈਸੇ ਦੇ ਕੇ ਸ਼ਹਿਰੋਂ ਸੌਦਾ ਲਿਆ ਕੇ ਪਿੰਡ ਵਿੱਚ ਵੇਚ ਕੇ ਲਾਭ ਵਾਲਾ ਧੰਦਾ ਕਰਨ ਲਈ ਕਿਹਾ ਜਿਸਨੂੰ ਸੱਚਾ ਸੌਦਾ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਸ਼ਹਿਰ ਵੱਲ ਜਾਂਦਿਆਂ ਗੁਰੂ ਜੀ ਨੂੰ ਭੁੱਖੇ ਸਾਧੂਆਂ ਦੀ ਇੱਕ ਟੋਲੀ ਮਿਲੀ। ਸ਼ਾਇਦ ਇਹ ਵੀ ਪ੍ਰਭੂ ਦੀ ਹੀ ਖੇਡ ਸੀ। ਜਿਵੇਂ ਪ੍ਰਭੂ ਕਾਲੂ ਨੂੰ ਦੱਸਣਾ ਚਾਹੁੰਦਾ ਹੋਵੇ ਕਿ ਦੁਨਿਆਵੀ ਤੌਰ 'ਤੇ ਨਾਨਕ ਤੇਰਾ ਪੁੱਤਰ ਹੈ, ਪਰ ਮੈਂ ਤਾਂ ਇਸਨੂੰ ਆਪਣਾ ਪੁੱਤਰ ਬਣਾ ਕੇ, ਕੁਰਾਹੇ ਪਈ ਦੁਨੀਆਂ ਨੂੰ ਸਿੱਧਾ ਰਸਤਾ ਦਿਖਾਉਣ ਵਾਸਤੇ ਇਸ ਸੰਸਾਰ ਵਿੱਚ ਭੇਜਿਆ ਹੈ। ਸਾਧੂਆਂ ਨੇ ਨਾਨਕ ਨੂੰ ਕਿਹਾ ਕਿ ਅਸੀਂ ਕਈ ਦਿਨਾਂ ਤੋਂ ਭੁੱਖੇ ਹਾਂ, ਤੇਰੇ ਕੋਲ ਕੁਝ ਹੈ ਤਾਂ ਸਾਨੂੰ ਖਾਣ ਵਾਸਤੇ ਦੇਹ। ਨਾਨਕ ਨੇ ਪਿਤਾ ਵੱਲੋਂ ਦਿੱਤੇ ਗਏ ਪੈਸਿਆਂ ਨਾਲ ਸ਼ਹਿਰ ਤੋਂ ਭੋਜਨ ਲਿਆ ਕੇ ਸਾਧੂਆਂ ਨੂੰ ਖਵਾ ਦਿੱਤਾ ਅਤੇ ਵਾਪਿਸ ਘਰ ਆ ਗਿਆ। ਪਤਾ ਲੱਗਿਆ ਤਾਂ ਗੁੱਸੇ ਨਾਲ ਲਾਲ ਪੀਲੇ ਹੋਏ ਪਿਤਾ ਕਾਲੂ ਨੇ ਨਾਨਕ ਨੂੰ ਮਾਰਿਆ ਵੀ ਅਤੇ ਨਿਖੱਟੂ ਤੇ ਨਿਕੰਮਾ ਆਖ ਕੇ ਬੇਇਜ਼ਤੀ ਕੀਤੀ।

ਬੇਬੇ ਨਾਨਕੀ ਸੁਲਤਾਨਪੁਰ ਵਿਆਹੀ ਹੋਈ ਸੀ। ਇੱਥੇ ਇੱਕ ਧਨਾਢ ਵਪਾਰੀ ਦਾ ਮੋਦੀਖਾਨਾ ਸੀ, ਜਿੱਥੇ ਨਾਨਕੀ ਦਾ ਪਤੀ ਨੌਕਰੀ ਕਰਦਾ ਸੀ। ਕਾਲੂ ਨੇ 1485 ਵਿੱਚ ਨਾਨਕ ਨੂੰ ਸੁਲਤਾਨਪੁਰ ਭੇਜ ਦਿੱਤਾ। ਬੇਬੇ ਨਾਨਕੀ ਦੇ ਪਤੀ ਨੇ ਨਾਨਕ ਨੂੰ ਮੋਦੀਖਾਨੇ ਵਿੱਚ ਨੌਕਰ ਰਖਵਾ ਦੱਤਾ। ਮੋਦੀਖਾਨਾ ਇੱਕ ਅਨਾਜ ਦਾ ਭੰਡਾਰ ਸੀ ਅਤੇ ਆਸ ਪਾਸ ਦੇ ਲੋਕ ਇੱਥੋਂ ਅਨਾਜ ਖਰੀਦ ਕੇ ਲਿਜਾਂਦੇ ਸਨ। ਨਾਨਕ ਨੂੰ ਅਨਾਜ ਤੋਲਣ ਉਤੇ ਲਾਇਆ ਗਿਆ। ਇੱਥੇ ਵੀ ਨਾਨਕ ਦੇਵ ਜੀ ਪ੍ਰਭੂ ਨਾਲ ਸੁਰਤ ਜੋੜੀ ਰੱਖਦੇ ਸਨ ਅਤੇ ਅਨਾਜ ਤੋਲਦੇ ਸਮੇਂ ਗਿਣਤੀ ਭੁੱਲ ਜਾਂਦੇ ਸਨ ਅਤੇ ਤੇਰਾਂ ਤੇਰਾਂ (ਭਾਵ ਤੇਰਾ ਤੇਰਾ) ਕਰਕੇ ਤੋਲੀ ਜਾਂਦੇ ਸਨ। ਮਾਲਿਕ ਕੋਲ ਸ਼ਿਕਾਇਤ ਪੁੱਜੀ, ਪਰ ਪ੍ਰਭੂ ਦੀ ਕ੍ਰਿਪਾ ਨਾਲ ਹਿਸਾਬ-ਕਿਤਾਬ ਬਰਾਬਰ ਨਿਕਲਿਆ। ਫਿਰ 1487 ਵਿੱਚ ਪਿਤਾ ਕਾਲੂ ਨੇ ਨਾਨਕ ਦਾ ਵਿਆਹ ਬਟਾਲਾ ਸ਼ਹਿਰ ਦੀ ਵਾਸੀ ਸੁਲਖਣੀ ਨਾਂ ਦੀ ਲੜਕੀ ਨਾਲ ਕਰ ਦਿੱਤਾ ਤਾਕਿ ਨਾਨਕ ਗ੍ਰਿਸਥ ਦੀ ਜ਼ਿੰਮੇਂਵਾਰੀ ਵਿੱਚ ਪੈ ਕੇ ਪਿਤਾ ਦੇ ਕਾਰੋਬਾਰ ਵੱਲ ਧਿਆਨ ਦੇਵੇਗਾ। ਗੁਰੂ ਨਾਨਕ ਜੀ ਦੇ ਦੋ ਪੁੱਤਰ - ਸ਼੍ਰੀ ਚੰਦ(1491) ਅਤੇ ਲਖਮੀ ਦਾਸ(1495) ਪੈਦਾ ਹੋਏ। ਸੁਲਤਾਨਪੁਰ ਵਿੱਚ ਰਹਿੰਦਿਆਂ ਗੁਰੂ ਜੀ ਰੋਜ਼ਾਨਾਂ ਨਾਲ ਲਗਦੀ ਵੇਈਂ ਵਿੱਚ ਇਸ਼ਨਾਨ ਕਰਕੇ ਆ ਕੇ ਪ੍ਰਭੂ ਦਾ ਸਿਮਰਨ ਕਰਦੇ ਹੁੰਦੇ ਸਨ। ਕਹਿੰਦੇ ਹਨ ਕਿ ਇੱਕ ਦਿਨ ਇਸ਼ਨਾਨ ਕਰਨ ਗਏ ਕਿ ਪਾਣੀ ਵਿੱਚ ਐਸੀ ਟੁੱਭੀ ਲਾਈ ਕਿ ਅਲੋਪ ਹੋ ਗਏ। ਉਨ੍ਹਾਂ ਦੀ ਭਾਲ ਕੀਤੀ ਗਈ ਤਾਂ ਵੇਈਂ ਦੇ ਕੰਢਿਉਂ ਉਨ੍ਹਾਂ ਦੇ ਕੱਪੜੇ ਪਏ ਹੋਏ ਮਿਲੇ। ਸਭ ਨੇ ਸੋਚਿਆ ਕਿ ਪਾਣੀ ਵਿੱਚ ਡੁੱਬ ਕੇ ਰੁੜ੍ਹ ਗਏ ਹੋਣਗੇ।

ਤਿੰਨ ਦਿਨਾਂ ਬਾਅਦ ਜਦ ਗੁਰੂ ਨਾਨਕ ਦੇਵ ਜੀ ਉਸੇ ਹੀ ਸਥਾਨ ਉਤੇ ਮੁੜ ਆ ਗਏ ਤਾਂ ਸਭ ਹੈਰਾਨ ਰਹਿ ਗਏ। ਪਾਣੀ ਵਿੱਚੋਂ ਨਿਕਲਦੇ ਸਾਰ ਹੀ ਉਨ੍ਹਾਂ ਨੇ ਕਿਹਾ, ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ। ਸਾਰੇ ਹੀ ਇੱਕ ਪ੍ਰਭੂ ਦੇ ਪੁੱਤਰ ਅਤੇ ਇਨਸਾਨ ਹਨ। ਇਹ 1496 ਦਾ ਵਾਕਿਆ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਇੱਕ ਅਹਿਮ ਮੋੜ ਹੈ।

ਇਸਤੋਂ ਬਾਅਦ ਗੁਰੂ ਜੀ ਪ੍ਰਭੂ ਦਾ ਉਪਦੇਸ਼ ਦੇਣ ਲਈ ਯਾਤਰਾਵਾਂ ਉਤੇ ਨਿਕਲ ਪਏ। ਉਨ੍ਹਾਂ ਨੇ 1499-1524 ਦੇ 25 ਸਾਲਾਂ ਦੌਰਾਨ ਪੰਜ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਉਦਾਸੀਆਂ ਕਿਹਾ ਜਾਂਦਾ ਹੈ। ਕਈ ਵਿਦਵਾਨ ਚਾਰ ਉਦਾਸੀਆਂ ਮੰਨਦੇ ਹਨ। ਪੰਜਵੀਂ ਉਦਾਸੀ, ਜਿਹੜੀ ਪੰਜਾਬ ਵਿੱਚ ਹੀ ਸੀਮਤ ਸੀ ਨੂੰ ਉਦਾਸੀ ਨਹੀਂ ਮੰਨਦੇ। ਪਹਿਲੀ ਉਦਾਸੀ ਵਿੱਚ ਗੁਰੂ ਜੀ ਭਾਰਤ ਦੇ ਉਤਰੀ ਅਤੇ ਪੂਰਬੀ ਪ੍ਰਦੇਸ਼ਾਂ ਵੱਲ ਗਏ। ਇਸ ਉਦਾਸੀ ਦਾ ਸਮਾਂ 1499 ਤੋਂ 1506 ਸੱਤ ਸਾਲਾਂ ਦਾ ਸੀ। ਦੂਸਰੀ ਉਦਾਸੀ ਵਿੱਚ ਗੁਰੂ ਜੀ ਭਾਰਤ ਦੇ ਦੱਖਣੀ ਪ੍ਰਦੇਸ਼ਾਂ ਵਿੱਚ ਵਿਚਰਦੇ ਹੋਏ ਸ਼੍ਰੀਲੰਕਾ ਤੱਕ ਗਏ। ਇਹ ਸਮਾਂ ਵੀ 1506 ਤੋਂ 1513 ਤੱਕ ਸੱਤ ਸਾਲਾਂ ਦਾ ਸੀ। ਤੀਸਰੀ ਉਦਾਸੀ (1514-1518) ਵਿੱਚ ਗੁਰੂ ਨਾਨਕ ਦੇਵ ਜੀ ਭਾਰਤ ਦੇ ਕੁਝ ਉਤਰੀ ਪ੍ਰਦੇਸ਼ਾਂ ਵਿੱਚ ਵਿਚਰਦੇ ਹੋਏ ਨੇਪਾਲ, ਤਿੱਬਤ ਅਤੇ ਤਾਸ਼ਕੇਂਟ ਤੱਕ ਗਏ। ਤਿੰਨ ਸਾਲਾ (1519-1521) ਦੀ ਚੌਥੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਦੇ ਸਰਵੁਚ ਧਾਰਮਿਕ ਅਸਥਾਨ ਮੱਕਾ- ਮਦੀਨਾ ਅਤੇ ਅਰਬ ਦੇ ਕੁਝ ਦੇਸ਼ਾਂ ਵਿੱਚ ਗਏ। ਗੁਰੂ ਜੀ ਦੀ ਪੰਜਵੀਂ ਉਦਾਸੀ (1523-1524) ਦੇ ਦੋ ਸਾਲਾਂ ਦੀ ਹੀ ਸੀ ਅਤੇ ਇਸ ਦੌਰਾਨ ਉਹ ਪੰਜਾਬ ਵਿੱਚ ਹੀ ਵਿਚਰੇ।

ਇਨ੍ਹਾਂ ਉਦਾਸੀਆਂ ਤੋਂ ਪਿੱਛੋਂ ਗੁਰੂ ਨਾਨਕ ਦੇਵ ਜੀ ਪੰਜਾਬ ਵਿੱਚ ਦਰਿਆ ਰਾਵੀ ਦੇ ਕੰਢੇ ਕਰਤਾਰਪੁਰ ਨਾਂ ਦੇ ਪਿੰਡ ਵਿੱਚ ਆ ਕੇ ਪੱਕੇ ਤੌਰ 'ਤੇ ਟਿਕ ਗਏ। ਇੱਥੇ ਹੀ ਸੰਗਤਾਂ ਨੂੰ ਰੋਜ਼ਾਨਾਂ ਪ੍ਰਭੂ ਦਾ ਸੰਦੇਸ਼ ਦੇਣ ਲੱਗੇ। ਇੱਥੇ ਰੋਜ਼ਾਨਾਂ ਪ੍ਰਭੂ ਕੀਰਤਨ ਹੋਣ ਲੱਗਾ। ਦੂਰੋਂ ਨੇੜਿਉਂ ਸੰਗਤ ਇੱਥੇ ਜੁੜਨ ਲਗ ਪਈ ਅਤੇ ਕਰਤਾਰਪੁਰ ਇੱਕ ਤੀਰਥ ਅਸਥਾਨ ਬਣ ਗਿਆ। ਇੱਥੇ ਹੀ ਗੁਰੂ ਜੀ ਭਾਈ ਲਹਿਣਾ ਜੀ(ਗੁਰੂ ਅੰਗਦ ਦੇਵ ਜੀ) ਨੂੰ ਗੁਰਗੱਦੀ ਦਾ ਅਗਲਾ ਵਾਰਿਸ ਥਾਪ ਕੇ 1539 ਵਿੱਚ ਜੋਤੀ ਜੋਤ ਸਮਾ ਗਏ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿੱਚ ਨਾਮ ਜੱਪਣ, ਵੰਡ ਕੇ ਛਕਣ ਅਤੇ ਕ੍ਰਿਤ ਕਰਨ ਉਤੇ ਜ਼ੋਰ ਦਿੱਤਾ ਅਤੇ ਅਮਲ ਵੀ ਕਰਕੇ ਵਿਖਾਇਆ। ਸਮਾਜ ਵਿੱਚ ਔਰਤਾਂ ਦੇ ਨੀਵੇਂ ਰੁਤਬੇ ਵਿਰੁੱਧ ਆਵਾਜ਼ ਉਠਾਈ। ਸਮਾਜ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਅਤੇ ਜਾਤ-ਪਾਤ ਵਿਰੁੱਧ ਆਵਾਜ਼ ਉਠਾ ਕੇ ਮਨੁੱਖਤਾ ਵਿੱਚ ਬਰਾਬਰੀ ਉਤੇ ਜ਼ੋਰ ਦਿੱਤਾ।

ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸਤਿਗੁਰੂ ਨਾਮਦੇਵ ਜੀ ਦਾ ਜਨਮ ਉਤਸਵ 28 ਨਵੰਬਰ 2015 (ਦਿਨ ਸ਼ਨੀਵਾਰ) ਨੂੰ ਗੁਰਦੁਆਰਾ ਸਾਹਿਬ ਗੁਰੂ ਰਵਿਦਾਸ ਜੀ ਸੈਲਮਾ (ਕੈਲੇਫੋਰਨੀਆ) ਵਿਖੇ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਸਮੂਹ ਇਲਾਕੇ ਦੀ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਵਿੱਤਰ ਦਿਹਾੜੇ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)




ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਫੋਨ: 559-891-8286
2650 Blaine Avenue Selma (CA) 93662


By : Salinder Narr Cell : 550-288-2231

# 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ ਸੰਵਿਧਾਨ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਬਾਦ ਆਖਿਰ 15 ਅਗੱਸਤ, 1947 ਨੂੰ ਦੇਸ਼ ਅਜ਼ਾਦ ਹੋ ਗਿਆ। ਹਰ ਅਜ਼ਾਦ ਦੇਸ਼ ਨੂੰ ਚਲਾਉਣ ਲਈ ਉਸਦਾ ਅਪਣਾ ਸੰਵਿਧਾਨ ਹੋਣਾ ਜਰੂਰੀ ਹੈ। ਅਜ਼ਾਦ ਭਾਰਤ ਨੂੰ ਚਲਾਉਣ ਲਈ ਵੀ ਇੱਕ ਸੰਵਿਧਾਨ ਦੀ ਜਰੂਰਤ ਸੀ। ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੂਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬ੍ਰਿਟੇਨ ਨੇ ਭਾਰਤ ਸਬੰਧੀ ਅਪਣੀ ਨਵੀਂ ਨੀਤੀ ਦੀ ਘੋਸ਼ਣਾ ਕੀਤੀ ਅਤੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਭਾਰਤ ਦਾ ਸੰਵਿਧਾਨ ਸੰਵਿਧਾਨ ਸਭਾ ਦੁਆਰਾ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਤਕਰੀਬਨ 6 ਕਰੋੜ (ਉਸ ਸਮੇਂ) ਰੁਪਏ ਖਰਚ ਹੋਏ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੇ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946, ਦੂਜਾ ਸੈਸ਼ਨ 20 ਤੋਂ 25 ਜਨਵਰੀ 1947, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947, ਛੇਵਾਂ ਸੈਸ਼ਨ 27 ਜਨਵਰੀ 1948, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949, ਗਿਆਵਾਂ ਸੈਸ਼ਨ 14 ਤੋਂ 26 ਨਵੰਬਰ 1949 ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਏ। ਇਸ ਕਮੇਟੀ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿਚੋਂ ਜਵਾਹਰ ਲਾਲ ਨਹਿਰੂ, ਡਾਕਟਰ ਰਾਜੇਂਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਉਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੁਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਗਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਸਰ ਬੈਨੇਗਲ ਨਾਰਸਿੰਗ ਰਾਓ ਨੂੰ ਜੋ ਕਿ 1950-54 ਦੌਰਾਨ ਪਹਿਲੇ ਭਾਰਤੀ ਅੰਤਰਰਾਸ਼ਟਰੀ ਨਿਆਂ ਜਸਟਿਸ ਰਹੇ ਹਨ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਦੀ ਮੋਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਸੰਵਿਧਾਨ ਨੂੰ ਅਡਾਪਟ ਕਰਨ ਤੋਂ ਪਹਿਲਾਂ ਲੱਗਭੱਗ 166 ਦਿਨ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ। ਡਰਾਫਟ ਸੰਵਿਧਾਨ ਤੇ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟ੍ਰਿਸ਼ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੰਤ ਅੱਜ ਦੇ ਦਿਨ 26 ਨਵੰਬਰ 1949 ਨੂੰ ਸਾਰੀ ਕਾਰਵਾਈ ਮੁਕੰਮਲ ਹੋ ਗਈ ਅਤੇ ਸਵਿੰਧਾਨ ਸਭਾ ਨੇ ਸਵਿੰਧਾਨ ਸਵਿਕਾਰ ਕਰ ਲਿਆ। ਭਾਰਤ ਦਾ ਸੰਵਿਧਾਨ ਇੰਗ-ਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਹੋਈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8, 9, 60, 324, 366, 367, 379, 380, 388, 391, 392, 393 ਅਤੇ 394, 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ। ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮਮਨੋਹਰ ਸਿਨਹਾ ਅਤੇ ਨੰਦਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। ਅੰਤ 26 ਜਨਵਰੀ, 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਅਤੇ 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਸੰਵਿਧਾਨ ਲਾਗੂ ਹੋਣ ਤੋਂ 65 ਸਾਲ ਬਾਦ ਵੀ ਦੇਸ਼ ਦੇ ਬਹੁਤੇ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਵਿੱਚ ਦੇਸ਼ ਦੇ ਵੱਖ ਵੱਖ ਵਰਗਾਂ ਦੀ ਸੁਰੱਖਿਆ ਅਤੇ ਖੁਸ਼ਹਾਲੀ ਦਾ ਲਾਭ ਸਹੀ ਅਰਥਾਂ ਵਿੱਚ ਉਨ੍ਹਾਂ ਵਰਗਾਂ ਤੱਕ ਪਹੁੰਚ ਸਕੇ ਅਤੇ ਹਰ ਵਰਗ ਅਪਣੇ ਆਪ ਨੂੰ ਸੱਚਾ ਭਾਰਤੀ ਹੋਣ ਤੇ ਮਾਣ ਮਹਿਸੂਸ ਕਰ ਸਕੇ।




# ਮੇਰੀਆਂ ਅਭੁੱਲ ਯਾਦਾਂ

(ਸਫਾ 6 ਦੀ ਬਾਕੀ)

ਤੇ ਇਕ ਸਾਲ ਅਵਾਰਾ ਗਰਦੀ ਕਰਦਾ ਰਿਹਾ। ਸਾਡੇ ਘਰ ਅਜੀਤ ਅਖਬਾਰ ਆਉਂਦਾ ਸੀ। ਉਸ ਤੋਂ ਮੈਂ ਬਹੁਤ ਪ੍ਰਭਾਵਿਤ ਸੀ ਤੇ ਪੱਤਰਕਾਰ ਬਣਨਾ ਮੇਰਾ ਸੁਪਨਾ ਸੀ।

ਇਕ ਦਿਨ ਮੈਂ ਸੋਚਿਆ ਮੈਂ ਪੜ੍ਹਾਂਗਾ ਨਹੀਂ ਤਾਂ ਪੱਤਰਕਾਰ ਕਿਵੇਂ ਬਣਾਂਗਾ। ਉਨ੍ਹਾਂ ਦਿਨਾਂ ਵਿਚ ਇਕ ਆਦਮੀ ਨੇ ਮੈਨੂੰ ਕਿਹਾ- ਜੇ ਤੂੰ ਪੜ੍ਹਨਾ ਨਹੀਂ ਤਾਂ ਤੈਨੂੰ ਕੰਮ ਤੇ ਲੁਆ ਦਿੰਆਂ। ਮੈਂ ਪੁੱਛਿਆ ਕੰਮ ਕੀ ਹੈ? ਉਸਨੇ ਦੱਸਿਆ ਕਿ ਇਕ ਜੱਟ ਦੇ ਤਿੰਨ ਪਸ਼ੂ ਹਨ, ਉਨ੍ਹਾਂ ਨੂੰ ਪੱਠੇ ਦੱਬੇ ਪਾਉਣਾ ਤੇ ਗੋਹਾ ਕੂੜਾ ਕਰਨਾ। ਇਸ ਜੱਟ ਦਾ ਕੋਈ ਧੀ-ਪੁੱਤ ਨਹੀਂ, ਨਾ ਘਰਵਾਲੀ ਹੈ। ਅਗਲੇ ਦਿਨ ਉਹ ਬੰਦਾ ਮੈਨੂੰ ਜੱਟ ਕੋਲ ਲੈ ਗਿਆ। ਉਸ ਨਾਲ ਵੀਹ ਰੁਪਏ ਮਹੀਨਾ ਤਹਿ ਹੋਇਆ। ਪਸ਼ੂਆਂ ਨੂੰ ਪੱਠੇ ਪਾਉਣ ਤੋਂ ਇਲਾਵਾ ਉਸ ਜੱਟ ਦੇ ਕੱਪੜੇ ਧੋਣੇ ਤੇ ਸ਼ਾਮ ਨੂੰ ਉਸ ਲਈ ਚਾਹ ਬਣਾਉਣੀ ਤਹਿ ਹੋ ਗਿਆ। ਉਸ ਜੱਟ ਦੇ ਜ਼ਮੀਨ ਦੇ ਦੋ ਤਿੰਨ ਖੱਤੇ ਹੀ ਸਨ ਤੇ ਉਹ ਐਮ. ਈ. ਐਸ. ਵਿਚ ਨੌਕਰੀ ਕਰਦਾ ਸੀ। ਜਦ ਮਹੀਨਾ ਹੋ ਗਿਆ ਤਾਂ ਉਸਨੇ ਮੈਨੂੰ 20 ਰੁਪਏ ਦਿੱਤੇ। ਜਲੰਧਰ ਛਾਉਣੀ ਵਿਚ ਇਕ ਅਕੈਡਮੀ ਸੀ ਮੈਂ ਉਥੇ ਪੜ੍ਹਨ ਲੱਗ ਪਿਆ- ਫੀਸ ਸੀ 8 ਰੁਪਏ, 5-6 ਰੁਪਏ ਦੀਆਂ ਕਿਤਾਬਾਂ ਕਾਪੀਆਂ ਆ ਗਈਆਂ, ਚਾਹ ਰੁਪਏ ਮੈਂ ਆਪਣੀ ਮਾਂ ਨੂੰ ਦੇ ਦਿੱਤੇ, 2 ਰੁਪਏ ਆਪਣੇ ਕੋਲ ਰੱਖ ਲਏ। ਜੱਟ ਨਾਲ ਕੰਮ ਕਰਦਿਆਂ ਮੈਂ ਦਸਵੀਂ ਕਰ ਲਈ ਤੇ ਕਈ ਵਾਰ ਪਾਪੜ ਵੇਲਦਿਆਂ ਮੈਂ ਬੀ. ਏ. ਕਰ ਲਈ। ਉਨ੍ਹਾਂ ਦਿਨਾਂ ਵਿਚ ਟੀ. ਡੀ. ਐਸ. ਸ਼ੁਰੂ ਹੋ ਚੁੱਕੀ ਸੀ ਪਰ ਪੁਰਾਣੀ ਬੀ. ਏ. ਆਪਣੇ ਖਾਤਮੇ ਵੱਲ ਜਾ ਰਹੀ ਸੀ ਜੋ ਕਿ ਅੰਗਰੇਜ਼ ਸਰਕਰ ਨੇ ਸੈਟ ਕੀਤੀ ਹੋਈ ਸੀ। ਮੇਰਾ ਸੁਪਨਾ ਉਹੀ ਪੁਰਾਣਾ ਬੀ. ਏ. ਕਰਨ ਦਾ ਸੀ। ਮੈਂ ਉਹੀ ਕੀਤੀ। ਬਹੁਤ ਔਖੀ ਸੀ ਪਰ ਜਿੱਦਾਂ ਕਿੱਦਾਂ ਮੈਂ ਕਰ ਲਈ। ਜਿਹਨਾਂ ਮੁੰਡਿਆਂ ਨੇ ਹਰੀਜਨ ਲਿਖਵਾਇਆ ਸੀ, ਉਹਨਾਂ ਵਿਚੋਂ ਕੇਵਲ ਦੋ ਨੇ ਦਸਵੀਂਕੀਤੀ ਉਹ ਵੀ ਥਰਡ ਡਵੀਜ਼ਨ ਵਿਚ, ਬਾਕੀ ਅੱਠਵੀ ਵੀ ਪਾਸ ਨਹੀਂ ਕਰ ਪਾਏ। ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਉਸ ਸਮੇਂ ਖੁਦਾ ਨੇ ਹਰੀਜਨ ਸ਼ਬਦ ਅਪਣਾਉਣ ਤੋਂ ਰੋਕਿਆ ਸੀ ਕਿਉਂਕਿ ਈਸਾਈਅਤ ਜਾਤ-ਪਾਤ ਦੇ ਵਿਰੁੱਧ ਹੈ। 30 ਸਾਲ ਪੰਜਾਬ ਦੇ ਉਘੇ ਦੈਨਿਕ ਅਖਬਾਰਾਂ ਵਿਚ ਪੱਤਰਕਾਰੀ ਕਰਨ ਤੋਂ ਬਾਅਦ ਮੈਂ ਮਹਿਸੂਸ ਕਰਦਾ ਹਾਂ ਕਿ ਸੰਸਾਰ ਭਰ ਤੇ ਈਸਾਈਅਤ ਨੇ ਜਾਤੀਵਾਦ ਵਿਰੁੱਧ ਜੰਗ ਲੜੀ ਹੈ ਜੋ ਅੱਜ ਵੀ ਜਾਰੀ ਹੈ। ਮੈਂ ਇਸ ਜੰਗ ਦਾ ਇਕ ਨਿੱਕਾ ਜਿਹਾ ਸਿਪਾਹੀ ਹਾਂ। ਜੇਕਰ ਮੈਂ ਉਸ ਸਮੇਂ ਆਪਣੇ ਆਪ ਨੂੰ ਹਰੀਜਨ ਲਿਖਵਾ ਲੈਂਦਾ ਤਾਂ ਅੱਜ ਇਸ ਜੰਗ ਦਾ ਸਿਪਾਹੀ ਨਾ ਹੁੰਦਾ। **(ਚਲਦਾ)**

# ਆਸਰਾ ਰੈਲੀਆਂ ਤੇ ਵੈਲੀਆਂ ਦਾ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸਿਰ ਵਿਚ ਅਕਲ ਦੀ ਰੱਤੀ ਨਾ ਰਹਿਣ ਦੇਵੇ
ਚਸਕਾ ਕੁਰਸੀ ਦਾ ਮਾਰਦਾ ਮੱਤ ਯਾਰੋ।

ਨੇੜੇ ਆ ਰਿਹਾ ਸਮਝ ਲਓ ਅੰਤ ਹੁੰਦਾ
ਹਾਕਮ ਜਦੋਂ ਵੀ ਚੁੱਕਦਾ ਅੱਤ ਯਾਰੋ!

ਨਾਹਰੇ ਮਾਰਦੇ ਜਿਹੜੇ ਵੀ ਨਾਬਰੀ ਦੇ
ਚਾਹਵੇ ਰੋਲਣਾ ਉਨ੍ਹਾ ਦੀ ਪੱਤਿ ਯਾਰੋ।

ਰਹਿੰਦਾ ਛੱਡਦਾ ਕੁਫਰ ਦੇ ਗੱਪ-ਗੋਲੇ
ਸੁਣਨਾ ਚਾਹੇ ਨਾ ਮਾਸਾ ਵੀ ਸੱਤਿ ਯਾਰੋ!

ਮਿੱਠੇ ਚੌਲ ਤੇ ਭੁੱਕੀਆਂ ਨਸ਼ੇ ਦੇ ਕੇ
'ਕੱਠਾ ਵੱਗ ਕਰ ਲੈਂਦਾ ਏ ਵੈਲੀਆਂ ਦਾ!

ਪੈਰ ਉਖੜੇ ਫੇਰ ਜਮਾਉਣ ਦੇ ਲਈ
ਲੱਗੇ ਲੈਣ ਸਹਾਰਾ ਹੁਣ ਰੈਲੀਆਂ ਦਾ!

# ਉਘੇ ਲੇਖਕ ਡਾ: ਮਹੀਪ ਸਿੰਘ ਦਾ ਦੇਹਾਂਤ



**ਨਵੀਂ ਦਿੱਲੀ**-ਸਿੱਖ ਧਰਮ ਤੇ ਅਧਿਆਤਮ ਦਾ ਸੁਨੇਹਾ ਆਪਣੀ ਕਲਮ ਰਾਹੀਂ ਦੁਨੀਆ ਦੇ ਹਰ ਕੋਨੇ 'ਚ ਪਹੁੰਚਾਉਣ ਵਾਲੇ ਉੱਘੇ ਲੇਖਕ ਡਾ. ਮਹੀਪ ਸਿੰਘ ਦਾ 24 ਨਵੰਬਰ ਨੂੰ ਦਿਹਾਂਤ ਹੋ ਗਿਆ । ਪਿਛਲੇ ਤਕਰੀਬਨ ਇਕ ਮਹੀਨੇ ਤੋਂ ਬਿਮਾਰ ਚਲ ਰਹੇ 85 ਵਰ੍ਹਿਆਂ ਦੇ ਡਾ. ਮਹੀਪ ਸਿੰਘ ਦਾ ਗੁੜਗਾਉਂ ਦੇ ਹਸਪਤਾਲ 'ਚ ਇਲਾਜ ਚਲ ਰਿਹਾ ਸੀ । ਡਾ: ਮਹੀਪ ਸਿੰਘ ਆਪਣੇ ਪਿੱਛੇ ਪਤਨੀ ਦੋ ਬੇਟੇ, ਇਕ ਬੇਟੀ ਛੱਡ ਗਏ ਹਨ। ਉਨ੍ਹਾਂ ਦਾ ਸੰਸਕਾਰ 25 ਨਵੰਬਰ ਨੂੰ ਦੁਪਹਿਰ 12 ਵਜੇ ਦਿੱਲੀ ਵਿਖੇ ਪੰਜਾਬੀ ਬਾਗ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਹਿੰਦੀ ਤੇ ਪੰਜਾਬੀ ਭਾਸ਼ਾ 'ਚ ਇਕੋ ਜਿਹੀ ਮੁਹਾਰਤ ਰੱਖਣ ਵਾਲੇ ਡਾ: ਮਹੀਪ ਸਿੰਘ ਨੇ ਸਿੱਖ ਵਿਚਾਰਧਾਰਾ ਨੂੰ ਲੈ ਕੇ ਕਈ ਕਿਤਾਬਾਂ ਵੀ ਲਿਖੀਆਂ ਜਿਨ੍ਹਾਂ 'ਚ 'ਆਦਿ ਗ੍ਰੰਥ ਮੇਂ ਸੰਗ੍ਰਹਿਤ ਸੰਤ ਕਵੀ' 'ਚ ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰੂਆਂ ਦੀ ਬਾਣੀ ਬਾਰੇ ਚਰਚਾ ਕੀਤੀ ਗਈ। ਉਨ੍ਹਾਂ ਸਿੱਖ ਇਤਿਹਾਸ ਨੂੰ ਇਕ ਕਿਤਾਬ ਰਾਹੀਂ ਵੀ ਪੇਸ਼ ਕੀਤਾ, 'ਸਿੱਖ ਵਿਚਾਰਧਾਰਾ-ਗੁਰੂ ਨਾਨਕ ਸੇ ਗੁਰੂ ਗ੍ਰੰਥ ਸਾਹਿਬ ਤੱਕ' ਇਸ ਕਿਤਾਬ 'ਚ 10 ਗੁਰੂਆਂ ਵੱਲੋਂ ਦਿਖਾਏ ਅਧਿਆਤਮ ਦੇ ਰਸਤੇ ਦੀ ਗੱਲ ਕੀਤੀ ਗਈ ਹੈ।

# ਇਕ ਦਿਨ ਹੋ ਜਾਣਾ



ਕਮਲ ਬੰਗਾ ਸੈਕਰਾਮੈਂਟੋ
916-897-8570

ਬੰਦਾ ਉਮਰ ਤੋਂ ਅਣੀਂਦਾ, ਇਕ ਦਿਨ ਸੌ ਜਾਣਾ।
ਕਰ ਲੈ ਯਕੀਨ ਸੱਜਣਾ, ਇਕ ਦਿਨ ਹੋ ਜਾਣਾ।

ਜ਼ਿੰਦਗੀ ਬਨਾਮ ਚਰਾਗ ਦਿੱਸਦਾ ਚੁਫੇਰੇ ਹੀ,
ਇਸਨੇ ਵੀ ਬੁੱਝ ਜਾਣਾ, ਇਕ ਦਿਨ ਹੋ ਜਾਣਾ।

ਬਿਖਰ-ਬੂਟੇ ਵੀ ਆਸ ਨਾਲ ਜੀਂਦੇ ਪਰ,
ਧਰਤੀ ਨੂੰ ਛੱਡਣਾ ਪੈਣਾ, ਇਕ ਦਿਨ ਹੋ ਜਾਣਾ।

ਜਿਹੜਾ ਵੀ ਘਰ ਮੋਹ ਨਾਲ ਸਜਾਇਆ ਹੈ,
ਉਸ ਨਾਲੋਂ ਮੋਹ ਟੁੱਟਣਾ, ਇਕ ਦਿਨ ਹੋ ਜਾਣਾ।

ਚਾਹੇ ਫੁੱਲ ਵੀ ਮਾਣ ਨਾਲ, ਟਹਿਕਦੇ-ਮਹਿਕਦੇ,
ਇਨ੍ਹਾਂ ਪਤਝੜ ਅੱਗੇ ਝੁਕਣਾ, ਇਕ ਦਿਨ ਹੋ ਜਾਣਾ।

ਲੋਕਾਂ ਨੇ ਤੁਰ ਤੁਰਕੇ ਪੈੜਾਂ ਜੋ ਬਣਾਈਆਂ,
ਹੜ੍ਹ ਨੇ ਮਿਟਾਉਣੀਆਂ, ਇਕ ਦਿਨ ਹੋ ਜਾਣਾ।

ਨਾ ਕਰ ਨਿੰਦਿਆ ਤੂੰ ਸੱਜਣਾ ਲਿਖ ਲਿਖ ਕੇ,
ਤੇਰੀ ਕਲਮ ਦਾ ਅੰਤ ਹੋਣਾ, ਇਕ ਦਿਨ ਹੋ ਜਾਣਾ।

ਸ਼ੀਸ਼ਾ ਸਾਫ ਤੇ ਦੱਸਦਾ ਹਰ ਇਕ ਨੂੰ 'ਕਮਲ'
ਖਾਹਿਸ਼ਾਂ ਦਾ ਵੀ ਫੈਸਲਾ, ਇਕ ਦਿਨ ਹੋ ਜਾਣਾ।

# ਅੰਤਰ ਰਾਸ਼ਟਰੀ ਪੰਜਾਬੀ ਗਾਇਕਾ ਰਣਜੀਤ ਕੌਰ



ਅਵਤਾਰ ਸਿੰਘ ਰਾਏਸਰ
98143-21087

1979-80 ਦੇ ਦਿਨਾਂ ਦੀ ਗੱਲ ਹੈ, ਜਦ ਮੈਂ ਸੱਤਵੀਂ ਕਲਾਸ ਵਿੱਚ ਪੜ੍ਹਦੇ ਸਮੇਂ ਨੇੜਲੇ ਪਿੰਡ "ਕੈਰੇ" ਵਿਖੇ ਆਪਣੀ ਮਨਪਸੰਦ ਗਾਇਕ ਜੋੜੀ ਜਨਾਬ ਮੁਹੰਮਦ ਸਦੀਕ ਤੇ ਰਣਜੀਤ ਕੌਰ ਨੂੰ ਨੇੜਿਉਂ ਵੇਖਿਆ ਤੇ ਸੁਣਿਆ। ਭਾਵੇਂ ਉਦੋਂ ਨਿਆਦੇ ਹੋਣ ਕਰਕੇ ਇਹਨਾਂ ਦੀ ਗਾਇਕੀ ਜਾਂ ਪਿਆਰ, ਰੁਮਾਂਸ ਤੇ ਵੈਲਪੁਣੇ ਦੇ ਗੀਤਾਂ ਦੀ ਬਹੁਤੀ ਸਮਝ ਨਹੀਂ ਲੱਗਦੀ ਸੀ, ਪਰ ਸਟੇਜ 'ਤੇ ਦੋਵਾਂ ਕਲਾਕਾਰਾਂ ਦੀ ਪ੍ਰੈੱਫਰਸ ਨੇ ਸਦਾ ਸਦਾ ਲਈ ਇਹਨਾਂ ਦਾ ਦਿਵਾਨਾ ਬਣਾ ਦਿੱਤਾ। ਰਣਜੀਤ ਕੌਰ ਦਾ ਸੁਹੱਪਣ ਤੇ ਸਟੇਜੀ ਚੰਚਲਤਾ ਸੁਣਨ ਵਾਲੇ ਸਰੋਤੇ, ਜਾਨੀਆਂ ਦੀ ਜਾਨ ਕੱਢਣ ਤੱਕ ਜਾਂਦੀ ਸੀ, ਜਦ ਉਹ ਭਰੇ ਇਕੱਠ 'ਚ ਹੀ ਹੱਥ 'ਚ ਕੱਚ ਦਾ ਗਲਾਸ ਤੇ ਸ਼ਰਾਬ ਦੀ ਬੋਤਲ ਫੜ ਉਸਨੂੰ ਪੈੱਗ ਲਾਉਣ ਲਈ ਇਸ਼ਾਰੇ ਕਰਦੇ। ਅਸਲ 'ਚ ਉਹਨਾਂ ਦਿਨਾਂ ਦੇ ਪੰਜਾਬੀ ਅਖਬਾਰਾਂ 'ਚ ਇਸ ਗਾਇਕ ਜੋੜੀ ਦੇ ਆਏ ਹੋਏ ਰਿਕਾਰਡ ਤਵੇ ਉੱਪਰ ਲੱਗੀ ਫੋਟੋ ਅਖਬਾਰਾਂ 'ਚ ਐਡ ਦੇ ਰੂਪ 'ਚ ਲੱਗੀ ਹੁੰਦੀ ਤੇ ਬੜੇ ਸੋਹਣੇ ਲੱਗਦੇ। ਲੱਗਭੱਗ 36-37 ਵਰ੍ਹੇ ਇਕੱਠੇ ਗਾਉਂਦਿਆਂ ਇਸ ਜੋੜੀ ਨੇ ਮਿਸਾਲੀ ਪ੍ਰਿਤ ਪਾਈ। ਇਹਦੇ ਨਾਲ਼ ਨਾਲ਼ ਹੀ ਇਸ ਸਫਲ ਗਾਇਕ ਜੋੜੀ ਲਈ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲ਼ੇ ਦੇ ਲਿਖੇ ਸਾਹਿਤਕ ਤੇ ਰੁਮਾਂਟਿਕ ਗੀਤ ਵੀ ਸੋਨੇ 'ਤੇ ਸੁਹਾਗਾ ਵਾਂਗ ਕੰਮ ਕਰਦੇ ਰਹੇ। ਇੱਕ ਸ਼ਾਨਦਾਰ ਯੁੱਗ ਰਿਹਾ ਇਸ ਗਾਇਕ ਤੇ ਗੀਤਕਾਰ ਤਿੱਕੜੀ ਦੇ ਨਾਂ। ਇੱਕ ਵਾਰ ਜਦ ਇਹਨਾਂ ਗਾਇਕ ਕਲਾਕਾਰਾਂ ਦੀ ਜੋੜੀ ਟੁੱਟਣ ਤੋਂ ਬਾਅਦ ਮੈਂ ਮੁਹੰਮਦ ਸਦੀਕ ਦੀ ਇੱਕ ਵਿਸ਼ਾਲ ਮੁਲਾਕਾਤ ਸੱਤ ਸਮੁੰਦਰੋਂ ਪਾਰ ਦੇ ਇੱਕ ਮਸ਼ਹੂਰ ਪੰਜਾਬੀ ਅਖਬਾਰ ਲਈ ਪੇਜੀ ਤਾਂ ਪ੍ਰਕਾਸ਼ਿਤ ਹੋਣ ਤੋਂ ਬਾਅਦ ਕਿੰਨੇ ਦਿਨ ਫੋਨ ਆਉਂਦੇ ਰਹੇ ਇਹਨਾਂ ਦੇ ਪ੍ਰਸੰਸਕਾਂ ਤੇ ਸਰੋਤਿਆਂ ਦੇ, ਨਾਲ਼ ਹੀ ਕੁੱਝ ਕੁ ਸੱਜਣਾਂ ਦਾ ਉਲਾਂਭਾ ਵੀ ਸੀ ਕਿ ਤਸਵੀਰ ਦਾ ਇੱਕ ਪਾਸਾ ਬਾਕੀ ਕਿਉਂ ਰਹਿ ਗਿਆ। ਭਾਵ ਬੀਬੀ ਰਣਜੀਤ ਕੌਰ ਬਾਰੇ ਵੀ ਜਾਣਕਾਰੀ ਪ੍ਰਕਾਸ਼ਿਤ ਕੀਤੀ ਜਾਵੇ। ਮੇਰੀ ਵੀ ਦਿਲੀ ਤਮੰਨਾ ਸੀ ਕਿ ਦੁਨੀਆਂ ਭਰ ਦੇ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਬਣੀ ਇਸ ਖ਼ੂਬਸੂਰਤ ਗਾਇਕਾ ਨਾਲ਼ ਗੱਲਬਾਤ ਕੀਤੀ ਜਾਵੇ। ਪਰ ਸੰਗ ਸੰਗ 'ਚ ਮੈਂ ਕਿੰਨਾਂ ਚਿਰ ਇਹ ਨਾ ਕਰ ਸਕਿਆ। ਫਿਰ ਇੱਕ ਦਿਨ ਸਵੱਬ ਬਣ ਗਿਆ ਜਦ ਮੈਂ ਬੀਬੀ ਰਣਜੀਤ ਕੌਰ ਦੇ ਲੁਧਿਆਣਾ ਬੱਸ ਸਟੈਂਡ ਦੇ ਨੇੜਲੇ ਇੰਦਰਾ ਕਲੋਨੀ ਵਿਚਲੇ ਕੋਠੀਨੁਮਾ ਮਕਾਨ 'ਚ ਸਾਹਮਣੇ ਮੁਲਾਕਾਤ ਲਈ ਬੈਠਾ ਸੀ। ਸ਼ਾਇਦ ਇਹ ਵੀ ਕੁਦਰਤ ਹ ਕਰਵਾ ਰਹੀ ਸੀ ਕਿ ਵਕਤ ਬੀਤਣ ਦੇ ਨਾਲ਼ ਨਾਲ਼ ਦੁਨੀਆਂ ਭਰ ਦੀ ਮੰਨੀ ਪ੍ਰਮੰਨੀ ਗਾਇਕਾ, ਜਿਸਦੀ ਰਸਭਰੀ ਸੁਗੰਧੀ ਵੰਡਦੀ ਅਵਾਜ਼ "ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ, ਸੋਹਣਿਆਂ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ" ਅੱਜ ਲੰਬੀ ਖਾਮੋਸ਼ੀ ਦੇ ਆਲਮ 'ਚ ਦੁਨੀਆਂ ਵੱਲੋਂ ਅਣਗੌਲ਼ਿਆ ਕੀਤੇ ਜਾਣ ਕਰਕੇ ਆਪਣੇ ਸਭ ਕੁੱਝ ਖਤਮ ਹੋ ਚੁੱਕਿਆ ਸਮਝ ਬੈਠੀ। ਫਿਰ ਪੁੱਛੇ ਗਏ ਸੁਆਲਾਂ ਦੇ ਜਵਾਬ ਦਿੰਦਿਆਂ ਉਹ ਚੜ੍ਹਤ ਦੇ ਦਿਨਾਂ ਦੇ ਮਾਣਮੱਤੇ ਅਹਿਸਾਸਾਂ ਨੂੰ ਚੇਤੇ ਕਰ ਖੁਸ਼ ਹੋਈ, ਹੱਸੀ ਤੇ ਸਦੀਕ ਸਾਹਿਬ ਨਾਲ਼ ਟੁੱਟ ਜਾਣ ਦੇ ਵੈਰਾਗ 'ਚ ਆ ਕੇ ਰੋਈ ਵੀ। ਫਿਰ ਦਿਲ 'ਚ ਹੌਕਾ ਜਿਹਾ ਲੈ ਕੇ ਆਖਦੀ ਹੈ ਭਾਜੀ ਕੁਦਰਤ ਦਾ ਫ਼ੈਸਲਾ ਅਟੱਲ ਹੈ ਜੋ ਚੀਜ਼ ਜੁੜੀ ਹੈ ਇੱਕ ਨਾ ਇੱਕ ਦਿਨ ਉਸਨੇ ਟੁੱਟਣਾ ਵੀ ਹੈ, ਨਾਲ਼ੇ ਜਦ ਸਭ ਕੁੱਝ ਪਤਾ ਹੀ ਤਾਂ ਫਿਰ ਆਸ ਨਾਲ਼ ਆਖੀਏ, ਕਿ "ਹੱਸਕੇ ਸੱਜਣ ਛੋੜੀਏ, ਫਿਰ ਮਿਲਣ ਕੀ ਆਸ।"

ਪੂਰੇ 63 ਵਰ੍ਹੇ ਪਾਰ ਕਰ 64ਵੇਂ ਸਾਲ 'ਚ ਪ੍ਰਵੇਸ਼ ਕਰ ਚੁੱਕੀ ਇਸ ਮਹਾਨ ਗਾਇਕਾ ਦਾ ਦੁੱਖ ਵੀ ਆਪਣਾ ਵੱਖਰਾ ਦੁੱਖ ਹੈ, ਕਦੇ ਕਿਸੇ ਨੇ ਸੋਚਿਆ ਹੋਵੇਗਾ ਕਿ ਜਿਸ ਕਲਾਕਾਰ ਦੇ ਮਿੱਠੇ, ਪਿਆਰ ਤੇ ਉਦਾਸ ਗੀਤ ਸੁਣਕੇ ਅਸੀਂ ਰਾਂਝਾ ਰਾਜੀ ਕਰਦੇ ਹਾਂ ਕਿ ਉਹ ਆਪ ਵੀ ਦੁੱਖਾਂ ਦੇ ਉਜਾੜ ਜੰਗਲਾਂ 'ਚ ਗੁੰਮਨਾਮੀ ਭਰੇ ਦਿਨ ਕਟਦੀ ਹੋਵੇਗੀ। ਉਸਦੇ ਰੋਂਦੀ ਦੀਆਂ ਗੱਲ੍ਹਾਂ ਤੇ ਧਰਾਲ ਵਾਂਗ ਵਹਿ ਰਿਹਾ ਪਾਣੀ ਸੱਚਮੁੱਚ ਕਦੇ ਉਸ ਦੁਆਰਾ ਗਾਏ ਗੀਤ "ਲੈ ਖਬਰ ਨਿਆਣੀ ਦੀ ਬਾਬਲਾ ਦਰਦ ਵੰਡਾ ਲੈ ਧੀ ਦੇ" (ਸਾਹਮਣੀ ਕੌਲਾਂ) ਨੂੰ ਰੂਪਮਾਨ ਕਰ ਰਿਹਾ ਜਾਪਦਾ ਹੈ। ਉਹ ਸਦੀਕ ਭਾਜੀ ਨਾਲ਼ ਬੀਤੇ ਪਲਾਂ ਤੋਂ ਬਹੁਤ ਦੂਰ ਭੱਜ ਜਾਣਾ ਚਾਹੁੰਦੀ ਹੈ, ਰਣਜੀਤ ਦੱਸਦੀ ਹੈ, ਆਹ ਜਿੱਕੇ ਤੁਸੀਂ ਦਰਾਂ 'ਚ ਅੰਦਰ ਲੰਘਕੇ ਆਏ ਹੋ, ਭਾਜੀ ਸਦੀਕ ਸਾਹਿਬ ਇੱਥੇ ਖਲੋ ਕੇ ਕਹਿਣ ਲੱਗੇ, ਆਹ ਲਓ ਤੁਹਾਡੇ ਪੈਸੇ ਬਕਾਇਆ, (ਕੁੱਝ ਗਿਣ ਕੇ), ਫਿਰ ਕਹਿੰਦੇ, "ਅੱਜ ਤੋਂ ਤੁਹਾਡਾ ਰਸਤਾ ਵੱਖਰਾ ਤੇ ਮੇਰਾ ਵੱਖਰਾ। ਤੁਸੀਂ ਜੀਹਦੇ ਨਾਲ਼ ਦਿਲ ਕਰੇ, ਪ੍ਰੋਗਰਾਮ ਲਾਊ, ਮੇਰਾ ਜੀਹਦੇ ਨਾਲ਼ ਮਨ ਕਰੇ, ਪ੍ਰੋਗਰਾਮ ਲਾਮਾਂ।" ਉਸ ਦਿਨ ਉਹ ਘਰ ਅੰਦਰ ਵੀ ਨੀ ਆਏ। ਸਿਰਫ ਦਰਾਂ 'ਚ ਖੜ੍ਹਕੇ ਇਹ ਸਭ ਕਰ ਗਏ। ਮੇਰੇ ਲਈ ਇਹ ਭਾਅ ਜੀ ਦੇ ਬੋਲ ਜਿਵੇਂ ਕਿਸੇ ਗੰਜੇ ਦੇ ਸਿਰ 'ਚ ਗੜ੍ਹੇ ਵਜਦੇ ਹੋਣ ਇਉਂ ਵੱਜੇ। ਮੇਰਾ ਭਾਣਜਾ ਛੋਟਾ ਜਿਹਾ, ਛੋਟੀ ਭੈਣ ਦਾ ਬੇਟਾ ਬੜੀ ਮਸੂਮੀਅਤ ਨਾਲ਼ ਪੁੱਛਣ ਲੱਗਿਆ, "ਮਾਸੀ ਹੁਣ ਆਪਾਂ ਰੋਟੀ ਕਿੱਥੋਂ ਖਾਇਆ ਕਰਾਂਗੇ?" ਫਿਰ ਉਹ ਬੋਲਦੀ ਬੋਲਦੀ ਗ਼ਲਾ ਰੁਕਣ ਨਾਲ਼ ਰੋਣ ਲੱਗ ਪਈ, ਕਹਿੰਦੀ ਛੋਟੇ ਬੱਚੇ ਦਾ ਇਹ ਸਵਾਲ ਸੱਚਮੁੱਚ ਮੇਰੀ ਸਮੱਸਿਆ ਸੀ ਕਿ ਜਦ ਕੰਮ ਹੀ ਬੰਦ ਹੋ ਗਿਆ, ਭਾਅ ਜੀ ਪ੍ਰੋਗਰਾਮ ਤੋਂ ਜਵਾਬ ਦੇ ਗਏ ਫਿਰ ਰੋਟੀ ਦਾ ਮਸਲਾ ਤਾਂ ਜਿਉਂ ਦਾ ਤਿਉਂ ਖੜ੍ਹਾ ਹੀ ਹੈ। ਦਿਮਾਗ ਕੰਮ ਕਰਨੋ ਹਟ ਗਿਆ, ਅੱਖਾਂ ਮੂਹਰੇ ਹਨ੍ਹੇਰਾ ਛਾ ਗਿਆ, ਬੱਸ ਉਹ ਦਿਨ ਤੇ ਆਹ ਦਿਨ ਆ ਗਏ ਨੇ, ਭਾਅ ਜੀ ਤਾਂ ਤੁਹਾਡੇ ਬਰਨਾ਼ਲਾ ਤੋਂ ਭਦੌੜ ਤੋਂ ਐਮ.ਐਲ.ਏ. ਵੀ ਬਣ ਗਏ ਨੇ। ਉਹਨਾਂ ਦੇ ਚੋਣ ਪ੍ਰਚਾਰ 'ਚ ਵੀ ਗਈ ਸੀ, ਭਾਅ ਜੀ ਦੇ ਦੋਨੋਂ ਜੁਆਈ ਘਰ ਆ ਕੇ ਬੈਠ ਗਏ, ਬੀਬੀ ਜੀ ਤੁਸੀਂ ਜ਼ਰੂਰ ਚੱਲੋ, ਭਾਅ ਜੀ ਦੇ ਨਾਲ਼ ਨਾਲ਼ ਲੋਕ ਤੁਹਾਨੂੰ ਵੀ ਦੇਖਣਾ ਚਾਹੁੰਦੇ ਨੇ। ਮੈਂ ਗਈ, ਭਾਅ ਜੀ ਲਈ ਵੋਟਾਂ ਵੀ ਮੰਗੀਆਂ, ਉਹ ਜਿੱਤੇ ਐਮ.ਐਲ.ਏ. ਬਣ ਗਏ, ਦੱਸਿਆ ਤੱਕ ਨੀਂ, ਮੂੰਹ ਮਿੱਠਾ ਤਾਂ ਕੀ ਕਰਾਉਣਾ ਸੀ।

ਆਪਣੇ ਗੀਤਾਂ 'ਚ ਕੋਈ ਜ਼ਿਆਦਾ ਪਸੰਦੀਦਾ ਗੀਤ ਪੁੱਛੇ ਜਾਣ 'ਤੇ ਦਸਦੀ ਹੈ ਕਿ ਬੜਾ ਔਖਾ ਸੁਆਲ ਹੈ, ਫਿਰ ਵਹ ਮੈਨੂੰ ਸਾਡਾ ਗਾਇਆ ਦੋਗਾਣਾ, "ਮੇਰੀ ਗੱਲ ਸੁਣੋ ਸਰਦਾਰ ਜੀ, ਮਖਾਂ ਦੱਬੀ ਚੱਲੋ ਕਾਰ ਜੀ" ਬੜਾ ਪਿਆਰਾ ਲੱਗਦਾ ਹੈ। ਸਦੀਕ ਸਾਹਿਬ ਨਾਲ਼ 271 ਗੀਤ ਰਿਕਾਰਡ ਕਰਵਾ ਚੁੱਕੀ ਅਤੇ 39 ਸ਼ੋਲੋ ਗੀਤਾਂ 'ਚ ਮਦਹੋਸ਼ ਅਵਾਜ ਦਾ ਜਾਦੂ ਭਰਨ ਵਾਲ਼ੀ ਇਸ ਗਾਇਕਾ ਦੇ ਚਰਚਿਤ ਗੀਤਾਂ ਦੇ ਮੁੱਖੜੇ ਵੇਖੀਏ, ਖਾਲੀ ਘੋੜੀ ਹਿਣਕਦੀ ਉੱਤੇ ਨੀ ਦੀਂਹਦਾ ਵੀਰ, ਡੂੰਘੇ ਡੁੱਬ ਗਏ ਜਿਗਰੀਆ ਯਾਰਾ ਮੈਂ ਪੱਤਣਾਂ 'ਤੇ ਭਾਲ਼ਦੀ ਫਿਰਾਂ, ਅੱਜ ਤੈਂ ਮੈਨੂੰ ਮਾਰ ਪੁਆਈ ਨਣਦੇ, ਤੇਰਾ ਸੋਨੇ ਦੀ ਜੰਜੀਰੀ ਵਾਲ਼ਾ ਕੁੜਤਾ ਮੈਂ ਕੇਹੜੀ ਕਿੱਲੀ ਟੰਗਾਂ ਵੀਰਨਾ, ਤੂੰ ਭਾਵੇਂ ਮਾਰ ਦੇ ਨਿਸੰਗ ਪਤੀ ਜੀ ਘੂਰੇ ਨਾ ਤਲੰਗਾ ਜਾ, ਮਾਏ ਮੇਰੀਏ ਮੈਨੂੰ ਮਿਰਜੇ ਨਾਲ਼ ਵਿਆਹ, ਅੱਥਰੀ ਜਵਾਨੀ ਵਾਜਾਂ ਮਾਰਦੀ ਤੋਂ ਇਲਾਵਾ ਦੋ ਗਾਣੇ ਜੋ ਹਰ ਪੰਜਾਬੀ ਸਰੋਤੇ ਦੇ ਬੁੱਲ੍ਹਾਂ 'ਤੇ ਆਪ ਮੁਹਰੇ ਟਪਕੇ "ਤੇਲੂ ਰਾਤ ਦੀ ਹੱਟੀ ਦਾ ਜਰਦਾ ਨੀ ਜੋੜਾਂ ਵਿੱਚ ਬਹਿ ਗਿਆ ਜੱਟ ਦੇ, ਭਲਿਆ ਲੋਕਾ ਪਿੰਡ ਆਪਣੇ ਵਿੱਚ ਵਾਕਾ ਹੋ ਗਿਆ ਵੇ, ਕਲਕੱਤਿਉਂ ਪੱਖੀ ਲਿਆਦੇ ਝੱਲੂੰਗੀ ਸਾਰੀ ਰਾਤ, ਅੱਜ ਤੋਂ ਨੀਂ ਪੀਣੀ ਦਾਰੂ ਐਵੇਂ ਲੜਵਾਕੇ ਮਾਰੂ, ਜੱਟੀ ਮਿਲੀ ਜੱਟ ਨੂੰ ਪਤੰਗ ਵਰਗੀ, ਆਹ ਲੈ ਨੱਤੀਆਂ ਘੜਾ ਲਈ ਪਿੱਪਲ਼ ਪੱਤੀਆਂ, ਮੈਨੂੰ ਖਤਰਾ ਹੋ ਗਿਆ ਸੁੰਨੀ ਨਾ ਛੱਡਿਆ ਕਰ ਵੇ, ਮੋਟੀ ਮੋਟੀ ਅੱਖ ਵਾਲ਼ੀ, ਚੰਡੀਗੜ੍ਹ ਵਾਂਗੂੰ ਭਾਬੀ ਨੀ ਮੇਰੇ ਵਿਆਹ ਦਾ ਮਸਲਾ ਅੜ ਚੱਲਿਆ, ਰੋਡਵੇਜ ਦੀ ਲਾਰੀ, ਅੱਜ ਸੁੱਕਾ ਲੰਘਕੇ ਦਿਖਾਈਂ ਮਿੱਤਰਾ ਨੀਲੇ ਨੈਣਾਂ ਵਿੱਚ ਕਜਲਾ ਮੈਂ ਪਾ ਲਿਆ, ਇਹਨਾਂ ਤੋਂ ਰੱਬ ਬਚਾਵੇ, ਸੌ ਦਾ ਨੋਟ, ਸੁਣਕੇ ਲਲਕਾਰਾ ਤੇਰਾ ਕੰਬਣੀ ਜੀ ਚੜ੍ਹ ਗਈ ਵੇ, ਕੁੜੀਏ ਨੀਂ ਕੁੜੀਏ ਤੂੰ ਹੱਸ ਹੱਸ ਲਾਈ, ਪਹਿਲੇ ਪਹਿਰ ਨੂੰ ਚੰਨ ਚੜ੍ਹ ਜਾਂਦਾ ਪਿਛਲੇ ਪਹਿਰ ਨੂੰ ਤਾਰੇ" ਸਮੇਤ ਉਸਦਾ ਚਰਚਿਤ ਪਿਆਰਾ ਜਾ ਗੀਤ, 'ਸੁੱਤਾ ਜਾਗ ਵੇ ਚੁਬਾਰੇ ਚੜ੍ਹ ਸੌਂ ਗਿਆ ਵਿਆਹ 'ਚ ਦਿਨ ਚਾਰ ਮਿੱਤਰਾ' ਅੱਜ ਵੀ ਫਿਜ਼ਾਵਾਂ 'ਚ ਸੌਗੰਧੀਆਂ ਬਿਖੇਰਦੇ ਹਨ।

ਯਾਦਗਾਰੀ ਘਟਨਾਵਾਂ ਬਾਰੇ ਬੀਬੀ ਰਣਜੀਤ ਕੌਰ ਦਾ ਕਹਿਣਾ ਹੈ ਕਿ ਉਂਝ ਤਾਂ ਹਰ ਘਟਨਾ ਯਾਦਗਾਰੀ ਹੀ ਹੁੰਦੀ ਹੈ, ਪਰ ਜਦ ਸਰੋਤੇ ਕਿਸੇ ਗੀਤ ਤੋਂ ੍ਸ਼ ਹੋ ਕੇ ਤਾੜੀਆਂ ਦੀ ਭਰਪੂਰ ਬਰਸਾਤ ਕਰਦੇ ਹਨ ਤਾਂ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪ੍ਰਮਾਤਮਾ ਨੇ ਸਾਨੂੰ ਵੀ ਕੁੱਝ ਥੋੜ੍ਹੀ ਮੋਟੀ ਕਲਾ ਬਖਸ਼ੀ ਹੈ, ਫਿਰ ਅਚਨਚੇਤੀ ਯਾਦ ਨੂੰ ਸਾਂਝਾ ਕਰਦਿਆਂ ਉਹ ਦੱਸਦੀ ਹੈ ਕਿ ਇੱਕ ਵਾਰ ਮੈਂ ਤੇ ਭਾਅ ਜੀ (ਸਦੀਕ ਸਾਹਿਬ) ਪ੍ਰੋਗਰਾਮ ਦੀ ਸਮਾਪਤੀ ਉਪਰੰਤ ਗੱਡੀ 'ਚ ਬੈਠੇ ਹੀ ਸਾਂ ਕਿ ਸਵ: ਗੀਤਕਾਰ ਗੁਰਮੇਲ ਢਿੱਲੋਂ ਭੁੱਖਿਆਂ ਵਾਲ਼ੀ ਵਾਲ਼ਾ ਨੇ ਇੱਕ ਕਾਗਜ ਦੀ ਗੇਂਦ ਜਿਹੀ ਮੇਰੀ ਬੁੱਕਲ਼ 'ਚ ਸੁੱਟਿਆ। ਮੈਂ ਤ੍ਰਭਕ ਕੇ ਉਹ ਚੁੱਕ ਕੇ ਭਾਅ ਜੀ ਦੀ ਬੁੱਕਲ਼ 'ਚ ਸੁੱਟਕੇ ਕਿਹਾ ਕਿ ਆਹ ਦੇਖਿਉ ਕੀ ਹੈ? ਭਾਅ ਜੀ ਨੇ ਉਹ ਕਾਗਜ਼ ਨੂੰ ਸਿੱਧਾ ਕੀਤਾ ਤਾਂ ਉਸ ਉੱਪਰ ਗੀਤ ਲਿਖਿਆ ਹੋਇਆ ਸੀ। ਉਹ ਗੀਤ ਫਿਰ ਅਸੀਂ ਗਾਇਆ। ਜਦ ਉਹ ਗੀਤ ਰਿਕਾਰਡ ਹੋ ਕੇ ਬਜ਼ਾਰ 'ਚ ਆਇਆ ਤਾਂ ਉਸ ਗੀਤ ਨੇ ਰਾਤੋ ਰਾਤ ਸ਼ੋਹਰਤ ਦੀਆਂ ਸਿਖਰਾਂ 'ਤੇ ਪਹੁੰਚਾ ਦਿੱਤਾ। ਉਹ ਗੀਤ ਸ਼ਾਇਦ ਸਾਡੀ ਗਾਇਕੀ ਦਾ ਸਿਖਰ ਸੀ। ਹਰੇਕ ਅਖਾੜੇ 'ਤੇ ਉਸ ਗੀਤ ਦੀ ਖ਼ਾਸ ਫ਼ਰਮਾਇਸ਼ ਹੁੰਦੀ। ਕਈ ਵਾਰ ਤਾਂ ਉਹ ਵਿਆਹ ਵਾਲ਼ੇ ਲਾੜੇ ਦੀ ਫੁਰਮਾਇਸ਼ ਦਾ ਗੀਤ ਹੁੰਦਾ। ਇਸ ਗੀਤ ਦੇ ਬੋਲ ਸਨ 'ਵਿਆਹ ਵਾਲ਼ੇ ਦਿਨ ਮਿੱਤਰਾ ਮੈਂ ਤੈਨੂੰ ਮਿਲੂੰ ਪਹਿਰ ਦੇ ਤੜਕੇ ਵੇ।' ਅਸਲ 'ਚ ਢਿੱਲੋਂ ਭਾਅ ਜੀ ਬਹੁਤ ਸੰਗਾਊ ਸੁਭਾਅ ਦੇ ਸਨ। ਉਹਨਾਂ ਦੇ ਬਹੁਤ ਸਾਰੇ ਗੀਤ ਅਸੀਂ ਗਾਏ। ਪਿੰਡਾਂ ਦੇ ਲੋਕਾਂ ਦੀ ਪਸੰਦ ਦੇ ਗੀਤ ਸਨ ਉਹਨਾਂ ਦੇ ਗੀਤੇ। ਬਾਬੂ ਸਿੰਘ ਮਾਨ ਤੋਂ ਬਾਅਦ ਅਸੀਂ ਢਿੱਲੋਂ ਸਾਹਿਬ ਭੁੱਖਿਆਂ ਵਾਲ਼ੀ ਵਾਲ਼ੇ ਦੇ ਗੀਤ ਰਿਕਾਰਡ ਕਰਵਾਏ। ਬਾਕੀ ਬਿੱਕਰ ਮਹਿਰਾਜ, ਧਰਮ ਕੰਮੇਆਣਾ, ਸੁਰਜੀਤ ਢਿੱਲੋਂ ਪਿੱਥੋ ਵਾਲ਼ਾ, ਜੈਤੋ ਵਾਲ਼ਾ ਤਾਰੀ, ਗਾਮੀ ਸੰਗਤਪੁਰਾ, ਦੇਵ ਸੰਗਤਪੁਰਾ, ਜਨਕ ਸ਼ਰਮੀਲਾ ਪੱਕਾ ਕਲਾਂ, ਲਾਭ ਚਿਤਾਮਲੀ ਵਾਲ਼ਾ, ਬਾਬੂ ਰਜਬ ਅਲੀ ਖਾਂ ਅਤੇ ਅਨਪੜ੍ਹ ਆਸੀ ਵਾਲ਼ੇ ਦੇ ਗੀਤ ਰਿਕਾਰਡ ਕਰਵਾਏ। ਰਣਜੀਤ ਕੌਰ ਮੁਤਾਬਿਕ ਮੈਨੂੰ ਭਾਅ ਜੀ (ਮੁਹੰਮਦ ਸਦੀਕ) ਵੱਲੋਂ ਇਹ ਸਿਖਾਇਆ ਜਾਂਦਾ ਸੀ ਕਿ ਸ਼ਬਦ ਗੀਤ ਦੇ ਅੰਤਰੀਵ ਭਾਵ 'ਚ ਲਹਿਕੇ ਰੂਹ ਨਾ ਗਾਇਆ ਗੀਤ ਹੀ ਅਸਲ ਗੀਤ ਹੁੰਦਾ ਹੈ। ਇੱਕ ਵਾਰ ਵਿਆਹ ਵਾਲ਼ੇ ਸਮਾਗਮ ਤੋਂ ਪਹਿਲਾਂ ਮੈਂ ਨੰਦ ਕਾਰਜਾਂ 'ਤੇ ਸਿੱਖਿਆ ਗਾਈ। ਮੈਂ ਇਸ 'ਚ ਏਨਾ ਜ਼ਿਆਦਾ ਡੁੱਬ ਗਈ ਕਿ ਮੈਂ ਗਾਉਂਦੀ-ਗਾਉਂਦੀ ਰੋਣ ਲੱਗ ਪਈ। ਰਣਜੀਤ ਕੌਰ ਨਾਲ਼ ਸਿੱਧਾ ਸੰਪਰਕ 99152-32366 'ਤੇ ਕੀਤਾ ਜਾ ਸਕਦਾ ਹੈ।

ਅੱਜ ਕੱਲ੍ਹ ਸੰਗੀਤਕ ਖੇਤਰ 'ਚ ਪਏ ਘੜਮੱਸ ਤੇ ਤੱਤ ਭੜੱਤੇ ਗੀਤਾਂ ਬਾਬਤ ਬੀਬੀ ਰਣਜੀਤ ਕੌਰ ਆਖਦੀ ਹੈ ਕਿ ਸਾਡੇ ਵੇਲ਼ੇ ਦੀ ਗਾਇਕੀ ਹੋਰ ਸੀ, ਉਦੋਂ ਗੀਤਾਂ ਦੇ ਬੋਲ ਸਰੋਤਿਆਂ ਦੀ ਰੂਹ ਤੱਕ ਲਹਿ ਜਾਣ ਵਾਲ਼ੇ ਹੁੰਦੇ ਸਨ। ਲੋਕ ਸਾਡੇ ਵੱਲੋਂ ਗਾਏ ਜਾਂਦੇ ਮਲਕੀ ਕੀਮਾ, ਸੋਹਣੀ ਮਹੀਂਵਾਲ, ਹੀਰ ਰਾਂਝਾ, ਸੱਸੀ ਪੁੰਨੂ ਅਤੇ ਹੋਰ ਲੋਕ ਗਾਥਾਵਾਂ ਸੁਣਦੇ ਸੁਣਦੇ ਸਾਰੇ ਪਾਸੇ ਚੁੱਪ ਚਾਂ ਹੋ ਜਾਂਦੀ ਸੀ।

ਉਸ ਗਾਇਕੀ ਤੇ ਗੀਤਕਾਰੀ 'ਚ ਰਸ ਸੀ। ਪਰ ਅੱਜ ਵੀ ਨਵੇਂ ਮੁੰਡੇ ਬਹੁਤ ਸੋਹਣਾ ਗਾ ਰਹੇ ਹਨ। ਹਰਭਜਨ ਮਾਨ, ਸਤਿੰਦਰ ਸਰਤਾਜ, ਬੱਬੂ ਮਾਨ ਤੇ ਹੋਰ ਬਹੁਤੇ ਕਲਾਕਾਰ ਹਨ ਜਿੰਨ੍ਹਾਂ ਦੇ ਮੈਂ ਨਾਂ ਨਹੀਂ ਜਾਣਦੀ, ਵਧੀਆ ਗਾਉਂਦੇ ਹਨ। ਹੁਣ ਸਾਡਾ ਯੁਗ ਬੀਤੇ ਕੱਲ੍ਹ ਦੀ ਕਹਾਣੀ ਵਰਗਾ ਹੈ। ਫਿਰ ਵੀ ਮੈਂ ਇਹਨਾਂ ਗਾਇਕਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਪਹਿਲਾਂ ਸਿੱਖਕੇ ਆਉ ਤੇ ਫਿਰ ਸਾਫ ਸੁਥਰਾ ਤੇ ਵਧੀਆ ਗਾਉ। ਸਮਾਜ ਤੁਹਾਨੂੰ ਹੱਥੀਂ ਛਾਵਾਂ ਕਰੇਗਾ।

ਪੰਜਾਬੀ ਫਿਲਮਾਂ ਵਿੱਚ ਕੀਤੇ ਯਾਦਗਾਰੀ ਕੰਮ ਬਾਰੇ ਉਹ ਦੱਸਦੀ ਹੈ ਕਿ 'ਵੀਰ ਜੀ! ਅਸੀਂ ਸੈਦਾ ਜੋਗਣ, ਰਾਣੋ, ਕੁੱਲੀ ਯਾਰ ਦੀ, ਪੁੱਤ ਜੱਟਾਂ ਦੇ, ਪਟੋਲਾ ਸਮੇਤ ਅਨੇਕਾਂ ਪੰਜਾਬੀ ਫਿਲਮਾਂ 'ਚ ਕੰਮ ਕੀਤਾ, ਗਾਇਆ, ਰੋ਼ਲ ਵੀ ਬਥੇਰੇ ਕੀਤੇ ਹਨ ਤੇ ਲੋਕਾਂ ਦਾ ਪਿਆਰ ਵੀ ਬਹੁਤ ਮਿਲਿਆ।

## ਹੁਣ ਨਾ ਰਿਹਾ ਜ਼ਮਾਨਾ ਗੱਲਾਬਾਤਾਂ ਦਾ

ਦਲਵੀਰ 'ਦਿਲ' ਨਿੱਜਰ

ਹੁਣ ਨਾ ਰਿਹਾ ਜ਼ਮਾਨਾ ਗੱਲਾਬਾਤਾਂ ਦਾ
ਨਾ ਕਰੇ ਸਤਿਕਾਰ ਕੋਈ ਜ਼ਜ਼ਬਾਤਾਂ ਦਾ

ਏਕੇ ਵਾਲੀਆਂ ਗੱਲਾਂ ਵੀ ਸਭ ਧੋਖਾ ਨੇ
ਨਿੱਤ ਹੀ ਪੈਂਦਾ ਰੌਲਾ ਜਾਤਾਂ ਪਾਤਾਂ ਦਾ

ਕੱਟ ਗੁਜ਼ਰ ਲੈ ਜਿਦਾ ਵੀ ਏ ਕੱਟ ਹੁੰਦੀ
ਨਈ ਭਰੋਸਾ ਅੱਜ ਕਲ੍ਹ ਦੇ ਹਾਲਾਤਾਂ ਦਾ

ਗਰੀਬ ਦੇ ਹੱਥੋਂ ਰੋਟੀ ਖੋ ਕੇ ਖਾਣ ਵਾਲੇ
ਫ਼ਰਕ ਮੇਟਣਾ ਕਹਿੰਦੇ ਸਭ ਜਮਾਤਾਂ ਦਾ

ਟੱਕੇ ਟੱਕੇ ਤੇ ਅਕਸਰ ਜਿਹੜੇ ਵਿੱਕਦੇ ਨੇ
ਸਦਾ ਹੀ ਰੋਲਾ ਪਾਉਂਦੇ ਨੇ ਔਕਾਤਾਂ ਦਾ

ਹਵਾ ਵੀ ਲੱਗੇ ਰੁੱਖੀ ਰੁੱਖੀ ਸੱਖਣੀ ਜਿਹੀ
ਹੁਣ ਨਾ ਵੱਗਦਾ ਬੁਲਾ ਕੋਈ ਚਾਹਤਾਂ ਦਾ

ਚਿੱਬ ਖੜ੍ਹਿਬਾ ਹੋ ਕੇ ਵੀ ਕੰਮ ਆ ਜਾਂਦਾ
ਬੰਦਾ ਹੁੰਦਾ ਬਣਿਆ ਜੇ ਕਿਤੇ ਧਾਤਾਂ ਦਾ

ਚੰਦ ਵੀ ਲੱਗਦਾ ਐਵੇਂ ਗੁੱਸਾ ਕਰ ਬੈਠਾ
ਮੱਸਿਆ ਵਾਲੀ ਰਾਤ ਚ' ਮੁਲਾਕਤਾਂ ਦਾ

ਬੰਦਾ ਸਦਾ ਹੀ ਲੋਭੀ ਬਣਕੇ ਜਿਉਂਦਾ ਏ
ਨਾ ਕਰੇ ਸ਼ੁਕਰਾਨਾ ਮਿਲੀਆਂ ਦਾਤਾਂ ਦਾ



ਦਲਵੀਰ ਦਿਲ ਨਿੱਜਰ ਆਪਣੇ ਉਸਤਾਦ ਜਨਾਬ ਹਰਭਜਨ ਸਿੰਘ ਬੈਂਸ ਤੋਂ ਇਲਾਵਾ ਜਨਾਬ ਆਜ਼ਾਦ ਜਾਲੰਧਰੀ, ਸ਼ਾਇਰ ਸ: ਚਰਨਜੀਤ ਸਿੰਘ ਪੰਨੂ, ਸ਼ਾਇਰ ਸ: ਰਾਠੇਸ਼ਵਰ ਸਿੰਘ ਸੁਰਾਪੁਰੀ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ।



# TANDOOR
Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

Contact Us:

We are open
seven days
11 AM to 10 PM

**Ph. 510-885-1212**
**Fax. 510-885-1532**

# A & S
## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

**Ph: 916-238-4431**
**649 W. Elkhorn Blvd. Suite B2**
**Rio Linda, CA 95673**

# Continental

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Truck, Trailer Repair & Tyre Servicse

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

**Bhajji Gill (510-277-6315)**
**Chain Gill 510-542-1181**

**42400 Boyce Rd., Unite F, Fremont, CA 94538**



FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

Varieties of Video Games Available
Variety of Sandwiches are also available

BIG SCREEN TV

IN OLD SACRAMENTO

## Annabelle's
### Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

**Hall free for Jago, Birth Day & Wedding Parties.**
**Seven days open from 11 AM to 4 PM**



Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

**Ram Gopal (916) 448-6239**
**200 "J" Street, Sacramento, CA 95814**

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: Info@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



**Buy Quality Used Trucks**



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

**Call : Dharminder Singh**

Cell : 530-870-6600

Fax : 530-405-1429



Email: myfuturetruck@gmail.com

**2535 Front St. West Sacramento, CA 95691**

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।।
ਚਰਨ ਧੋਇ ਰਹਿਰਾਸ ਕਰੁ ਚਰਨਮ੍ਰਿਤ ਸਿੱਖਾਂ ਪੀਲਾਯਾ।।

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜੱਗ ਚਾਨਣ ਹੋਇਆ






## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈਆਂ


Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

**Fresh Sweets, Snacks & Food**

**Catering for All occasions up to 10000 guests**

**Lunch - Dinner - Take Out - Banquets**

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com